# ਵਰਿਆਮ

ਫਰਵਰੀ ੧੯੮੫ ੨/-




## ਸਤਿਗੁਰੂ ਰਾਮ ਸਿੰਘ ਅੰਕ

Sri Satguru Jagjit Singh Ji eLibrary NamdhariElibrary@gmail.com

https://archive.org/details/namdhari

ਵਰਿਆਮ
ਜਿਲਦ ਨੰ: ੧੦ ਫਰਵਰੀ ੧੯੮੫ ਅੰਕ ਨੰ: ੪

# ਸੰਪਾਦਕ ਵਲੋਂ

ਕਬੀਰ ਜੀ ਅਨੁਸਾਰ ਬਸੰਤ ਰੁੱਤ ਨੂੰ ਧਰਤੀ ਆਕਾਸ਼ ਮਉਲਦੇ ਹਨ। ਬਸੰਤ ਪੰਚਮੀ ਦਾ ਤਿਓਹਾਰ ਹੋਰ ਵੀ ਸੁਹਾਵਣਾ ਹੋ ਗਿਆ ਜਦੋਂ ਸੰਨ ੧੮੧੬ ਵਿਚ ਇਸ ਪੰਚਮੀ ਦੇ ਦਿਨ ਲੁਧਿਆਣੇ ਜ਼ਿਲੇ ਦੇ ਪਿੰਡ ਭੈਣੀ ਰਾਈਆਂ ਵਿਚ ਸਤਿਗੁਰੂ ਰਾਮ ਸਿੰਘ ਜੀ ਦਾ ਅਵਤਾਰ ਹੋਇਆ। ਭਾਈ ਕਾਹਨ ਸਿੰਘ ਨਾਭਾ ਨੇ ਤਾਂ ਆਪ ਦੇ ਪ੍ਰਾਦੁਰਭਾਵ ਨੂੰ ਸਿੱਖੀ ਉਤੇ ਆਈ ਖਿਜ਼ਾਂ ਦੂਰ ਕਰਨ ਵਾਲੇ ਲਿਖਿਆ ਹੈ।

"ਸਿਖੀ ਬਾਗ ਖਿਜ਼ਾਂ ਜਦ ਕੁਸਿਆ ਝੜੇ ਪਤ੍ਰ ਬਿਨ ਸਾਜਾ
ਰੂਪ ਬਸੰਤ ਧਾਰ ਕੇ ਬਾਬਾ ਦਿਨ ਬਸੰਤ ਦੇ ਆਇਆ।"

ਸਿੱਖੀ ਤੇ ਖਿਜ਼ਾਂ(ਪਤਝੜ)ਤਾਂ ਆਈ ਹੀ ਸੀ ਪੂਰੇ ਦੇਸ਼ ਦੀ ਵੀ ਬੇਪਤੀ ਹੋ ਰਹੀ ਸੀ। ਨਾ ਆਚਰਨ ਰਹਿ ਗਿਆ ਸੀ ਨਾ ਇਜ਼ਤ। ਚਾਰੇ ਪਾਸੇ ਧੁੰਧੂਕਾਰ ਅਤੇ ਅੰਧਕਾਰ ਸੀ। ਝੂਠ, ਫਰੇਬ, ਵਹਿਮ ਭਰਮ, ਪਖੰਡ ਨੇ ਸੱਚ ਦੇ ਸੂਰਜ ਅਗੇ ਪਰਦਾ ਕਰਕੇ ਮਸਿਆਂ ਦਾ ਘੁਲੇਪਾ ਪਾ ਦਿਤਾ ਸੀ।

ਅਜਿਹੇ ਸਮੇਂ ਸਤਿਗੁਰੂ ਰਾਮ ਸਿੰਘ ਜੀ ਦੀ ਸਚਿਆਰੀ ਸ਼ਖਸੀਅਤ ਸੂਰਜ ਵਾਂਗ ਉਭਰੀ ਅਤੇ ਸਚੇ ਆਚਾਰ ਅਤੇ ਸਚ ਦੀ ਬਾਣੀ ਦੀਆਂ ਤੇਜ਼ ਕਿਰਨਾਂ ਨਾਲ ਧਾਰਮਕ, ਰਾਜਨੀਤਕ, ਸਮਾਜਕ ਅਤੇ ਆਰਥਕ ਖੇਤਰਾਂ 'ਚੋਂ ਹਨੇਰਿਆਂ ਦਾ ਖਾਤਮਾ ਕਰ ਦਿਤਾ। ਇਕ ਵਾਰ ਫੇਰ ਗੁਰੂ ਨਾਨਕ ਦੀ ਸੱਚੀ ਬਾਣੀ ਦਾ ਹੋਕਾ ਉਚਾ ਹੋਇਆ।

"ਸੋ ਜੀਵਿਆ ਜਿਸੁ ਮਨਿ ਵਸਿਆ ਸੋਇ ॥ ਨਾਨਕ ਅਵਰੁ ਨ ਜੀਵੈ ਕੋਇ ॥
ਜੇ ਜੀਵੈ ਪਤਿ ਲਥੀ ਜਾਇ ਸਭੁ ਹਰਾਮੁ ਜੇਤਾ ਕਿਛੁ ਖਾਇ ॥"

ਇਹ ਜੀਵਨ ਜਾਚ ਦਾ ਅਮਲੀ ਸੰਦੇਸ਼ ਸਤਿਗੁਰੂ ਜੀ ਨੇ ਚਹੁੰ ਕੂੰਟੀ ਫੈਲਾਇਆ ਅਤੇ ਲੋਕਾਂ ਨੂੰ ਸਿਧਾ ਮਾਰਗ ਦ੍ਰਿੜਾਇਆ।

"ਭੂਲੇ ਸਿਖ, ਗੁਰੂ ਸਮਝਾਏ, ਉਝੜਿ ਜਾਂਦੇ ਮਾਰਗਿ ਪਾਏ ॥" (ਗੁਰੂ ਨਾਨਕ)

ਫਿਰ ਲਗੇ ਢੋਲਕ ਛੈਣੇ ਖੜਕਣ। ਜਿਥੇ ਨਾਮ ਦੀ ਰੰਗਣ ਨਾਲ ਲੋਕ ਏਨੇ ਰੰਗੇ ਗਏ ਕਿ ਆਪ ਦੇ ਪੈਰੋਕਾਰ ਨਾਮਧਾਰੀ ਸੰਗਿਆ ਨਾਲ ਮਸ਼ਹੂਰ ਹੋ ਗਏ ਉਥੇ ਵਦੇਸ਼ੀ ਅੰਗਰੇਜ਼ੀ ਹਕੂਮਤ ਦੇ ਖਿਲਾਫ ਦੀਵਾਨਾਂ ਵਿਚ ਉਚੀਆਂ ਉਚੀਆਂ ਕੂਕਾਂ ਪੈਣ ਲਗੀਆਂ ਤੇ ਲੋਕਾਂ ਨੇ ਕੂਕਾ ਉਪਨਾਮ ਨਾਲ ਯਾਦ ਕੀਤਾ। ਇਸ ਤਰ੍ਹਾਂ ਨਾਮਧਾਰੀ ਜਾਂ ਕੂਕਾ ਲਹਿਰ ਦੇ ਨਾਮ ਤੇ ਇਨਾ ਜ਼ੋਰਦਾਰ ਤੇ ਸਰਬ ਪੱਖੀ ਸੰਘਰਸ਼ ਚਲਿਆ ਕਿ ਇਕ ਪਾਸੇ ਤਾਂ ਲੋਕ ਨਾਮ ਦਾਨ ਇਸ਼ਨਾਨ ਅਤੇ ਸੱਚ ਦੇ ਰਾਹ ਪੈ ਕੇ ਆਤਮਕ ਉਚਤਾ ਦੀਆਂ ਸਿਖਰਾਂ ਛੋਹਣ ਲਗੇ ਦੂਜੇ ਪਾਸੇ ਵਹਿਮਾਂ ਭਰਮਾਂ ਦੀਆਂ ਸਫਾਂ ਵਲੇਟਣੀਆਂ ਸ਼ੁਰੂ ਹੋ ਗਈਆਂ। ਸਤਿਗੁਰੂ ਰਾਮ ਸਿੰਘ ਜੀ ਨੇ ਇਕੋ ਵੇਲੇ ਕਈ ਮੁਹਾਜ਼ਾਂ ਤੇ ਸਫਲ ਯਲਗਾਰ ਪਾਈ। ਔਰਤ ਜਾਤੀ ਦੀ ਬੰਦ ਖਲਾਸ ਵਾਸਤੇ ਛੋਟੀ ਉਮਰ ਦੀਆਂ ਸ਼ਾਦੀਆਂ ਤੇ ਰੋਕ, ਵਿਧਵਾ ਵਿਆਹ ਦੀ ਖੁਲ੍ਹ, ਇਸਤ੍ਰੀਆਂ ਨੂੰ ਤਾਲੀਮ ਦਾ ਪਰਚਾਰ ਅਤੇ ਸਭ ਤੋਂ ਵੱਡੀ ਗੱਲ ਦਾਜ ਦਹੇਜ ਦੀ ਲਾਅਨਤ ਨੂੰ ਖਤਮ ਕਰਨ ਲਈ ਸਾਦੀਆਂ ਅਤੇ ਸਮੂਹਕ ਸ਼ਾਦੀਆਂ ਦੀ ਪਿਰਤ ਪਾਉਣੀ। ਦੇਸ਼ ਨੂੰ ਬਦੇਸ਼ੀ ਗੁਲਾਮੀ ਤੋਂ ਮੁਕਤ ਕਰਾਉਣ ਵਾਸਤੇ ਬਾਈਕਾਟ ਅਤੇ ਸੁਦੇਸ਼ੀ ਦੇ ਸਿਆਸੀ ਤੇ ਆਰਥਕ ਹਥਿਆਰਾਂ ਦੀ ਈਜਾਦ ਨੇ ਇਨਕਲਾਬ ਲੈ ਆਂਦਾ। ਗੁਰੂ ਜੀ ਦੇ ਪਰਚਾਰ



Sri Satguru Jagjit Singh Ji eLibrary NamdhariElibrary@gmail.com

ਅਗੋ ਅੰਗਰੇਜ਼ ਹਕੂਮਤ ਬੇਬਸ ਹੋ ਗਈ ਸੀ। ਨਾਮਧਾਰੀਆਂ ਨੂੰ ਫਾਂਸੀ ਚੜ੍ਹਾਇਆ ਗਿਆ, ਤੋਪਾਂ ਨਾਲ ਉਡਾਇਆ ਗਿਆ। ਕਾਲੇ ਪਾਣੀਆਂ ਦੀਆਂ ਸਜ਼ਾਵਾਂ ਹੋਈਆਂ, ਜਾਇਦਾਦਾਂ ਕੁਰਕ ਹੋਈਆਂ, ਸਤਿਗੁਰੂ ਜੀ ਜਲਾਵਤਨ ਕੀਤੇ ਗਏ ਪਰ ਨਾਮਧਾਰੀ ਅੰਦੋਲਨ ਦਾ ਪਸਾਰ ਭਾਰਤ ਤੋਂ ਇਲਾਵਾ ਕਸ਼ਮੀਰ, ਨੇਪਾਲ, ਅਫ਼ਗਾਨਿਸਤਾਨ, ਬਰਮਾ, ਇੰਗਲੈਂਡ ਅਤੇ ਰੂਸ ਤਕ ਹੋਇਆ। ਇਹ ਇਕ ਬਹੁਤ ਵੱਡੀ ਕਹਾਣੀ ਹੈ। ਪੂਰੇ ਨੱਬੇ ਸਾਲਾਂ ਦੇ ਸੰਘਰਸ਼ ਬਾਦ ਸੰਨ ੧੯੪੭ ਵਿਚ ਉਹਨਾਂ ਭਾਰਤ ਨੂੰ ਆਜ਼ਾਦ ਹੁੰਦਾ ਵੇਖਿਆ।

ਪਰ ਜਿਵੇਂ ਭਾਰਤ ਦੇ ਅਨੇਕਾਂ ਕੌਮੀ ਨਾਇਕਾਂ ਅਤੇ ਸੰਗਰਾਮੀਆਂ ਨਾਲ ਹੋਇਆ ਹੈ। ਗੁਰੂ ਰਾਮ ਸਿੰਘ ਅਤੇ ਕੂਕਾ ਲਹਿਰ ਦੇ ਮਹੱਤਵ ਨੂੰ ਸਮਝਿਆ ਨਹੀਂ ਗਿਆ ਅਤੇ ਉਹਨਾਂ ਦੀ ਕੀਰਤੀ ਨੂੰ ਘਟਾ ਕੇ ਹੀ ਬਿਆਨਿਆ ਜਾਂਦਾ ਰਿਹਾ ਹੈ। ਸ: ਗੁਰਬਖਸ਼ ਸਿੰਘ ਪ੍ਰੀਤ ਲੜੀ ਨੇ ਆਪਣੇ ਇਕ ਲੇਖ ਵਿਚ ਲਿਖਿਆ ਸੀ :

"ਆਪਣੇ ਸਮੇਂ ਦੀ ਅਦੁੱਤੀ ਸ਼ਖਸੀਅਤ ਬਾਬਾ ਰਾਮ ਸਿੰਘ ਜੀ ਨਾਲ ਆਮ ਪੰਜਾਬੀਆਂ ਨੇ ਪੂਰਾ ਇਨਸਾਫ਼ ਨਹੀਂ ਕੀਤਾ। ਉਹਨਾਂ ਨੂੰ ਇਕ ਨਵੇਂ ਧਾਰਮਕ ਫ਼ਿਰਕੇ ਦਾ ਕੇਵਲ ਨਿਰਮਾਤਾ ਸਮਝ ਕੇ ਹੀ ਉਹਨਾਂ ਦੀ ਮਹਾਨਤਾ ਵਲ ਗੌਰ ਨਹੀਂ ਕੀਤਾ। ਸਿੱਖ ਰਿਆਸਤਾਂ ਤੇ ਜਥੇਬੰਦ ਸਿੱਖ ਪੰਥ ਨੇ ਸਗੋਂ ਉਹਨਾਂ ਦਾ ਬਾਈਕਾਟ ਵੀ ਕਰੀ ਰਖਿਆ ਤੇ ਜਦੋਂ ੧੮੭੨ ਵਿਚ ਉਨ੍ਹਾਂ ਨੂੰ ਅੰਗਰੇਜ਼ ਸਰਕਾਰ ਨੇ ਬਿਨਾ ਨਿਰਪੱਖ ਪੜਤਾਲ ਜਲਾਵਤਨ ਕਰਕੇ ਬਰਮਾ ਭੇਜ ਦਿਤਾ ਤਾਂ ਸਿੱਖ ਰਾਜਿਆਂ ਤੇ ਆਪਣੇ ਆਪ ਨੂੰ ਪੰਥ ਸਮਝਣ ਵਾਲਿਆਂ ਨੇ ਹਾਕਮਾਂ ਨੂੰ ਵਧਾਈਆਂ ਦਿਤੀਆਂ।"

ਸ਼ਹੀਦ ਭਗਤ ਸਿੰਘ ਨੇ ਕੂਕਾ ਲਹਿਰ ਤੇ ਇਕ ਲੇਖ ਲਿਖਿਆ ਸੀ। ਉਹਨਾਂ ਵੀ ਇਸ ਗੱਲ ਦਾ ਗਿਲਾ ਕੀਤਾ ਸੀ ਅਤੇ ਕਿਹਾ :

"ਅਸੀਂ ਸਮਝਦੇ ਹਾਂ ਸਾਡੇ ਲਈ ਦੇਸ਼ ਵਾਸਤੇ ਨਿਸ਼ਕਾਮ ਭਾਵ ਨਾਲ ਮਰ ਮਿਟਣ ਵਾਲੇ ਲੋਕਾਂ ਨੂੰ ਭੁਲਾ ਦੇਣਾ ਬੜੀ ਵੱਡੀ ਅਹਿਸਾਨ ਫ਼ਰਾਮੋਸ਼ੀ ਹੋਵੇਗੀ। ਅਸੀਂ ਉਹਨਾਂ ਦੀ ਯਾਦ ਵਿਚ ਕੋਈ ਵੱਡਾ ਥੰਮ ਨਹੀਂ ਖੜਾ ਕਰ ਸਕਦੇ, ਤਾਂ ਕੀ ਆਪਣੇ ਦਿਲ ਵਿਚ ਥੋੜੀ ਜਿਹੀ ਥਾਂ ਦੇਣੋਂ ਵੀ ਝਿਜਕੀਏ।"

ਜਿਸ ਸਤਿਗੁਰੂ ਰਾਮ ਸਿੰਘ ਦਾ ਸਾਰਾ ਜੀਵਨ ਏਨਾ ਮਹਾਨ ਹੋਵੇ ਕਿ ਸ: ਕਪੂਰ ਸਿੰਘ ਵਰਗਾ ਕੱਟੜ ਸਿੱਖ ਸਿਧਾਂਤਕਾਰ ਇਹ ਕਹੇ ਕਿ :

"ਸੱਚੀ ਗੱਲ ਤਾਂ ਇਹ ਹੈ ਕਿ ਭਾਰਤ ਵਰਸ਼ ਦੀ ਹਜ਼ਾਰਾਂ ਵਰ੍ਹਿਆਂ ਦੀ ਤਵਾਰੀਖ ਵਿਚ ਗੁਰੂ ਗੋਬਿੰਦ ਸਿੰਘ ਤੋਂ ਬਿਨਾਂ ਕੋਈ ਵੀ ਇਤਿਹਾਸਕ ਵਿਅਕਤੀ ਐਸੀ ਨਹੀਂ ਹੋਈ ਜਿਸਨੇ ਜੀਵਨ ਮਨੋਰਥ ਦਾ ਨਿਸ਼ਾਨਾ ਇਤਨਾ ਗੰਭੀਰ ਤੇ ਉੱਚਾ ਰਖਿਆ ਹੋਵੇ ਜਿਸਦਾ ਮੰਤਵ ਕਿ ਜਾਤੀ ਤੇ ਜਨਤਾ ਦੇ ਆਤਮਕ ਤੌਰ ਤੇ ਸਾਰੇ ਕਲਮਾਂ ਤੇ ਬੰਧਨਾਂ ਨੂੰ ਤੋੜ ਕੇ ਉਸਨੂੰ ਉਨਤੀ ਦੀ ਸਿਖਰ ਤੇ ਲੈ ਜਾਣਾ ਹੋਵੇ। ਗੁਰੂ ਗੋਬਿੰਦ ਸਿੰਘ ਜੀ ਤੋਂ ਪਿਛੋਂ ਇਸ ਕਿਸਮ ਦੀ ਦਲੇਰ ਆਦਰਸ਼ ਵਾਲਾ ਪੁਰਸ਼ ਭਾਰਤ ਵਿਚ ਬਾਬਾ ਰਾਮ ਸਿੰਘ ਹੀ ਹੋਇਆ ਹੈ।"

ਉਸ ਗੁਰੂ ਰਾਮ ਸਿੰਘ ਨੂੰ ਸਿੱਖਾਂ ਨੇ ਅਤੇ ਦੇਸ਼ ਵਾਸੀਆਂ ਨੇ ਭੁਲਾ ਦਿਤਾ ਹੈ। ਅੱਜ ਦੇਸ਼ ਦੇ ਨੇਤਾਵਾਂ ਕੋਲ ਉਸ ਸ਼ਖਸੀਅਤ ਬਾਰੇ ਚਾਰ ਸ਼ਬਦ ਕਹਿਣ ਦਾ ਸਮਾਂ ਨਹੀਂ। ਸਰਕਾਰੀ ਪ੍ਰਚਾਰ ਦੇ ਸਾਧਨਾਂ, ਰੇਡੀਓ ਅਤੇ ਟੈਲੀਵੀਜ਼ਨ ਨੂੰ ਚਿਤ-ਚੇਤਾ ਵੀ ਨਹੀਂ ਕਿ ਕਿਸੇ ਨੇ ਇਸ ਦੇਸ਼ ਨੂੰ ਰਸਾਤਲ ਵਿਚੋਂ ਕਢਣ ਦਾ ਜਤਨ ਕੀਤਾ ਸੀ।

ਨਾਮਧਾਰੀ ਜਗਤ ਦੇ ਵਰਤਮਾਨ ਮੁਖੀ ਸਤਿਗੁਰੂ ਜਗਜੀਤ ਸਿੰਘ ਜੀ ਇਕ ਖੁਲ੍ਹੇ ਦਿਲ ਵਾਲੇ ਅਤੇ ਵਿਸ਼ਾਲ ਦ੍ਰਿਸ਼ਟੀ ਦੇ ਸੁਆਮੀ ਹਨ ਪਰ ਇਸ ਦੇ ਬਾਵਜੂਦ ਅਸੀਂ ਵੇਖਿਆ ਹੈ ਕਿ ਕਈ ਥਾਈਂ ਨਾਮਧਾਰੀ ਸੱਜਣ ਵੀ ਸਤਿਗੁਰੂ ਰਾਮ ਸਿੰਘ ਜਾਂ ਸਤਿਗੁਰੂ ਜਗਜੀਤ ਸਿੰਘ ਜੀ ਦੀ ਵਿਸ਼ਾਲ ਪਹੁੰਚ ਅਤੇ ਪ੍ਰੋਗਰਾਮ ਦੀ ਗੱਲ ਕਰਨ ਜਾਂ ਸਿੱਖਿਆ ਲੈਣ ਦੀ ਬਜਾਏ ਗੁਰੂ ਰਾਮ ਸਿੰਘ ਜੀ ਦੇ ਜਨਮ ਦਿਨ ਨੂੰ ਵਧ ਤੋਂ ਵਧ ਕੜਾਹ ਪ੍ਰਸ਼ਾਦ ਅਤੇ ਲੰਗਰ ਬਣਾਉਣ ਅਤੇ ਛਕਣ ਦੇ ਹੀ ਪ੍ਰੋਗਰਾਮ ਤਕ ਸੀਮਤ ਕਰ ਲੈਂਦੇ ਹਨ।

ਸਾਡਾ ਜਤਨ ਸੀ ਕਿ ਸਤਿਗੁਰੂ ਰਾਮ ਸਿੰਘ ਜੀ ਬਾਰੇ ਲਿਖੀਆਂ ਰਾਵਾਂ ਅਤੇ ਲੇਖਾਂ ਨੂੰ ਵਧ ਤੋਂ ਵਧ ਲੋਕਾਂ



Sri Satguru Jagjit Singh Ji eLibrary NamdhariElibrary@gmail.com

ਸਾਹਮਣੇ ਪੇਸ਼ ਕਰ ਕੇ ਆਪ ਜੀ ਦੀ ਸ਼ਖ਼ਸੀਅਤ ਦੇ ਬਹੁ-ਪੱਖੀ ਪਸਾਰ ਨੂੰ ਲੋਕਾਂ ਸਾਹਮਣੇ ਰਖੀਏ ।

ਪਰ 'ਵਰਿਆਮ' ਦੇ ਇਸ ਨਿਮਾਣੇ ਜਿਹੇ ਅੰਕ ਵਿਚ ਤਾਂ ਬਹੁਤ ਹੀ ਥੋੜਾ ਜਿਹਾ ਆ ਸਕਿਆ ਹੈ । ਸਾਡਾ ਜਤਨ ਅਗੋਂ ਵੀ ਜਾਰੀ ਰਹੇਗਾ । ਇਸ ਅੰਕ ਵਿਚ ਛਪੀਆਂ ਬਹੁਤ ਸਾਰੀਆਂ ਰਚਨਾਵਾਂ ਅਸੀਂ 'ਸਤਿਜੁਗ' ਦੇ ਪੁਰਾਣੇ ਅੰਕਾਂ ਵਿਚੋਂ ਲਈਆਂ ਹਨ ਅਤੇ ਕਿਤੇ ਕਿਤੇ ਉਹਨਾਂ ਅੰਕਾਂ ਦੀ ਪ੍ਰਕਾਸ਼ਨ ਮਿਤੀ ਵੀ ਦੇ ਦਿਤੀ ਹੈ । ਪਰ ਕਈ ਥਾਵਾਂ ਇਹ ਨਹੀਂ ਦਿਤੀ ਕਿਉਂਕਿ ਦਿਤੀਆਂ ਰਚਨਾਵਾਂ/ਲੇਖ ਸਰਬ ਪ੍ਰਵਾਨਤ ਹਨ । ਇਸ ਸਬੰਧ ਵਿਚ ਸਵ: ਸੰਤ ਇੰਦਰ ਸਿੰਘ ਚਕ੍ਰਵਰਤੀ ਜੀ ਦੇ ਜਤਨਾਂ ਦੀ ਵੀ ਅਸੀਂ ਸ਼ਲਾਘਾ ਕਰਦੇ ਹਾਂ । ਸਰਕਾਰੀ ਖੁਫ਼ੀਆ ਕਾਗਜ਼ਾਂ ਦੇ ਭੰਡਾਰਾਂ ਵਿਚੋਂ ਵੀ ਇਕ ਦੋ ਅਖ਼ਬਾਰਾਂ ਦੀਆਂ ਰਚਨਾਵਾਂ ਹੀ ਦੇ ਸਕੇ ਹਾਂ । ਇਕ ਲੇਖ ਸੰਤ ਨਿਧਾਨ ਸਿੰਘ ਜੀ ਦੀ ਅਣਛਪੀ ਪੁਸਤਕ ਸਤਿਗੁਰੂ ਬਿਲਾਸ 'ਚੋਂ ਨਮੂਨੇ ਮਾਤਰ ਦਿਤਾ ਹੈ । ਇਹ ਮਜ਼ਮੂਨ ਸਿੱਖ ਰਾਜ ਦੇ ਅੰਤਲੇ ਦਿਨਾਂ ਦੀ ਝਾਕੀ ਦਰਸਾਉਂਦਾ ਹੈ । ਇਹ ਮਜ਼ਮੂਨ ਬਹੁਤ ਸਾਰੇ ਲੋਕਾਂ ਨੇ ਪੜ੍ਹੇ ਹੋਣਗੇ ਪਰ ਸ਼ਾਇਦ ਨਵੀਂ ਪੀੜ੍ਹੀ ਨੂੰ ਇਹਨਾਂ ਬਾਰੇ ਘੱਟ ਪਤਾ ਹੋਵੇ ।

ਨਾਮਧਾਰੀ ਸਮਾਜ ਵਾਸਤੇ ਸਤਿਗੁਰੂ ਰਾਮ ਸਿੰਘ ਜੀ ਤਾਂ ਸੱਚੇ ਪਾਤਸ਼ਾਹ ਹਨ ਅਤੇ ਕਈ ਦੂਸਰੇ ਸਿਖ ਉਹਨਾਂ ਨੂੰ ਬਾਬਾ ਨਾਮ ਨਾਲ ਹੀ ਯਾਦ ਕਰਦੇ ਹਨ । ਅਸੀਂ ਨਿਸੰਗ ਹੋ ਕੇ ਇਸ ਗੱਲ ਤੋਂ ਬੇਪਰਵਾਹ ਹੁੰਦੇ ਹਾਂ ਕਿ ਕੋਈ ਕਿਸ ਉਪਾਧੀ ਨਾਲ ਯਾਦ ਕਰਦਾ ਹੈ । ਅੰਤਰ ਤਾਂ ਵਿਚੋਂ ਕਰਤਵ ਨੂੰ ਉਭਾਰਨਾ ਹੈ ।

ਅੰਤ ਵਿਚ ਆਪਣੇ ਸਾਹਿਤਕਾਰ, ਲੇਖਕ, ਪੱਤਰਕਾਰ ਭਰਾਵਾਂ ਅਤੇ ਆਮ ਲੋਕਾਂ ਨੂੰ ਇਹ ਬੇਨਤੀ ਕਰਦੇ ਹੋਏ ਸਮਾਪਤ ਕਰਦੇ ਹਾਂ ਕਿ ਸਤਿਗੁਰੂ ਰਾਮ ਸਿੰਘ ਜੀ ਹੋਣ ਬਗੈਰ ਵਿਤਕਰੇ ਦੇ ਸੀ । ਆਓ ਅਸੀਂ ਸੰਕੀਰਨਤਾ ਦੀਆਂ ਬੰਧਾਂ ਨੂੰ ਤੋੜ ਕੇ ਆਪਣੇ ਸਰਬ ਸਾਂਝੇ ਵਿਰਸੇ ਨੂੰ ਅਪਣਾਈਏ ।

—ਜਗਦੀਸ਼ ਸਿੰਘ

## ਨੋਟ

ਇਸ ਅੰਕ ਕਾਰਨ ਵਰਿਆਮ ਦੇ ਕਈ ਸ਼ੀਰਸ਼ਕ ਕਟਣੇ ਜਾਂ ਛੋਟੇ ਕਰਨੇ ਪਏ ਹਨ । ਸੰਪਾਦਕ ਵਰਿਆਮ ਦੀ ਇੰਗਲੈਂਡ ਯਾਤਰਾ ਅਤੇ ਪ੍ਰੀਤਮ ਸਿੰਘ ਕਵੀ ਜੀ ਦੀਆਂ ਘੋੜੇ ਦੀਆਂ ਪੈੜਾਂ ਅਤੇ ਹੋਰ ਲੇਖ ਕਵਿਤਾਵਾਂ ਅਗਲੇ ਅੰਕ ਵਿਚ ਫਿਰ ਤੋਂ ਆ ਰਹੇ ਹਨ । ਸਾਡਾ ਜਤਨ ਹੈ ਕਿ ਜੇ ਮਾਇਕ ਬੰਦਸ਼ਾਂ ਕੁਝ ਢਿਲੀਆਂ ਹੋਣ ਤਾਂ ਪੰਨੇ ਵੀ ਵਧਾ ਦੇਈਏ ਪਰ ਪਿਛਲੀ ਸੱਟ ਏਨੀ ਜ਼ਬਰਦਸਤ ਹੈ ਕਿ ਜੇ ਅਸੀਂ ਇਸ ਰੂਪ ਵਿਚ ਵੀ ਵਰਿਆਮ ਭੇਜਦੇ ਰਹੀਏ ਤਾਂ ਪਾਠਕ ਨੂੰ ਚਾਹੀਦਾ ਹੈ ਕਿ ਉਹ ਸਹਿਯੋਗ ਹੀ ਦੇਣ । —ਸੰਪਾਦਕ

## ਮਾਸਕ ਸਫ਼ਰ

ਸਾਡੇ ਮਿੱਤਰ ਸ: ਪ੍ਰੀਤਮ ਸਿੰਘ ਪੰਛੀ ਨੇ ਨਵਾਂ ਮਾਸਕ ਪਤਰ **'ਸਫ਼ਰ'** ਦਿਲੀ ਤੋਂ ਜਾਰੀ ਕੀਤਾ ਹੈ । ਇਸ ਦਾ ਅਕਤੂਬਰ-ਨਵੰਬਰ ਅੰਕ ਹੀ ਸਾਡੀ ਨਜ਼ਰੀਂ ਪਿਆ ਹੈ ਇਸ ਵਿਚ ਰਾਜਨੀਤਕ ਸਾਹਿਤਕ ਅਤੇ ਸਮਾਜਕ ਮਾਮਲਿਆਂ ਬਾਰੇ ਸਾਮਗਰੀ ਨੂੰ ਬਹੁਤ ਪਰਬੀਨਤਾ ਨਾਲ ਸੰਜੋਇਆ ਹੈ । ਅਸੀਂ ਨਵੇਂ ਪਰਚੇ ਦਾ ਸੁਆਗਤ ਕਰਦੇ ਹੋਏ ਪੰਛੀ ਜੀ ਨੂੰ ਵਧਾਈ ਦਿੰਦੇ ਹਾਂ ।

—ਸੰਪਾਦਕ

ਪਤਾ : ਮਾਸਕ ਸਫ਼ਰ, ੬੫ ਰਾਣੀ ਗਾਰਡਨ,
ਸ਼ਾਸਤ੍ਰੀ ਨਗਰ ਦਿਲੀ-੩੧

ਸਾਲਾਨਾ ਚੰਦਾ ੨੫ ਰੁਪਏ ਇਕ ਅੰਕ ੨.੫੦ ਰੁਪਏ

**ਵਰਿਆਮ** ਸੰਪਾਦਕ : ਜਗਦੀਸ਼ ਸਿੰਘ

ਮੁੱਲ ਪ੍ਰਤੀ ਕਾਪੀ : ੨-੦੦ ਰੁਪਏ
ਸਾਲਾਨਾ ਚੰਦਾ ਦੇਸ : ੨੦ ਰੁਪਏ

ਸਾਲਾਨਾ ਚੰਦਾ ਵਿਦੇਸ਼ : ੫੦ ਰੁਪਏ (ਸਮੁੰਦਰੀ ਡਾਕ ਰਾਹੀਂ)
,, ,, ਵਿਦੇਸ਼ : ੨੦੦ ਰੁਪਏ (ਹਵਾਈ ਡਾਕ ਰਾਹੀਂ)
ਲਾਈਫ ਮੈਂਬਰਸ਼ਿਪ : ੩੦੦ ਰੁਪਏ ਨੋਟਸ ਦੇਸ ਵਿਚ



Sri Satguru Jagjit Singh Ji eLibrary NamdhariElibrary@gmail.com

# ਸਿੰਘਾਂ ਮਾਰ ਸਰਦਾਰਾਂ ਦਾ ਨਾਸ ਕੀਤਾ

—ਡਾ: ਜਗਜੀਤ ਸਿੰਘ

"...ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਜੀ ੨੭ ਜੂਨ ੧੮੩੯ ਮੁਤਾਬਕ ੧੫ ਹਾੜ ੧੮੯੬ ਬਿਕਰਮੀ ਨੂੰ ਪੰਜਾਬੀ ਮਾਰ ਭੂਮੀ ਛੱਡਕੇ ਅਣਡਿਠੇ ਦੇਸ ਪਧਾਰੇ। ਹਾਥੀ ਦੇ ਸਿਰ ਤੋਂ ਕੁੰਡਾ ਉਠਦਿਆਂ ਹੀ ਕਿਆ ਮਸਤੀ ਵਿਚ ਆ ਗਿਆ। ਨਿਮਕ ਹਲਾਲ ਤੇ ਵਫਾਦਾਰ ਵੀ ਲੂਣ ਹਰਾਮੀ ਤੇ ਬਦਨੀਅਤ ਹੋ ਗਏ। ਡੋਗਰਿਆਂ ਵਧ ਚੜ੍ਹ ਕੇ ਹਿਸਾ ਲਿਆ ਤੇ ਰਾਜ ਵਿਚ ਉਥਲ ਪੁਥਲ ਸ਼ੁਰੂ ਹੋ ਗਈ। ੮ ਅਕਤੂਬਰ ੧੮੩੯ ਨੂੰ ਮਹਾਰਾਜਾ ਖੜਕ ਸਿੰਘ ਨੂੰ ਨਜ਼ਰਬੰਦ ਕੀਤਾ ਗਿਆ ਤੇ ਰਾਜ ਕੰਵਰ ਨੌਨਿਹਾਲ ਸਿੰਘ ਦੇ ਹਥੀਂ ਹੋਣ ਲਗਾ। ੫ ਨਵੰਬਰ ੧੮੪੦ ਨੂੰ ਸ਼ੇਰੇ-ਪੰਜਾਬ ਦੇ ਨਜ਼ਰਬੰਦ ਸਪੁਤਰ ਨੇ ਚਲਾਣਾ ਕੀਤਾ ਤੇ ਗੋਂਦ ਗੁੰਦ ਕੇ ਡਿਉਢੀ ਦਾ ਛੱਜਾ ਸੁੱਟ ਕੇ ਰਾਜ ਦੇ ਸੂਰਜ ਕੰਵਰ ਨੌਨਿਹਾਲ ਸਿੰਘ ਜੀ ਨੂੰ ਜ਼ਖਮੀ ਕੀਤਾ ਤੇ ਕਿਲ੍ਹੇ ਵਿਚ ਲਿਜਾ ਕੇ ਜਹਾਨ ਤੋਂ ਪਾਰ ਕੀਤਾ। ਰਾਣੀ ਚੰਦ ਕੌਰ ਨੇ ਰਾਜ ਦੀ ਵਾਗਡੋਰ ਸੰਭਾਲੀ, ਪਰ ਰਾਜਾ ਧਿਆਨ ਸਿੰਘ ਦੀ ਸਹਾਇਤਾ ਨਾਲ ਜਨਵਰੀ ੧੮੪੧ ਨੂੰ ਮਹਾਰਾਜਾ ਸ਼ੇਰ ਸਿੰਘ ਲਾਹੌਰ ਪੁੱਜ ਕੇ ਰਾਜ ਗੱਦੀ ਦੇ ਮਾਲਕ ਬਣੇ, ਵਧੇਰੇ ਨਾ ਨਿਭੀ ਤੇ ਛੇਤੀਂ ਹੀ ਇਕ ਦੂਜੇ ਦੀ ਜਾਨ ਦੇ ਵੈਰੀ ਹੋ ਗਏ ਤੇ ਅੰਤ ਸੰਧਾਵਾਲੀਏ ਸ: ਅਜੀਤ ਸਿੰਘ ਤੇ ਸ: ਲਹਿਣਾ ਸਿੰਘ ਦੇ ਹਥੋਂ ੧੫ ਦਸੰਬਰ ੧੮੪੩ ਨੂੰ ਮਹਾਰਾਜਾ ਸ਼ੇਰ ਸਿੰਘ, ਕੰਵਰ ਪ੍ਰਤਾਪ ਸਿੰਘ ਤੇ ਰਾਜਾ ਧਿਆਨ ਸਿੰਘ ਦਾ ਅੰਤ ਹੋਇਆ। ਦੂਸਰੇ ਦਿਨ ੧੬ ਸਤੰਬਰ ੧੮੪੩ ਨੂੰ ਰਾਜਾ ਧਿਆਨ ਸਿੰਘ ਦੇ ਪੁਤਰ ਹੀਰਾ ਸਿੰਘ ਨੇ ਫੌਜਾਂ ਨੂੰ ਆਪਣੇ ਨਾਲ ਮਿਲਾ ਕੇ ਸੰਧਾਵਾਲੀਏ ਸਰਦਾਰਾਂ ਪਾਸੋਂ ਆਪਣੇ ਪਿਆਰੇ ਪਿਤਾ ਦੀ ਮੌਤ ਦਾ ਬਦਲਾ ਲਿਆ। ਹੁਣ ਮਹਾਰਾਜਾ ਦਲੀਪ ਸਿੰਘ ਪੰਜਾਂ ਵਰ੍ਹਿਆਂ ਦੀ ਉਮਰ ਵਿਚ ੧੮੪੩ ਨੂੰ ਰਾਜ ਗੱਦੀ ਤੇ ਬੈਠੇ ਤੇ ਵਜ਼ੀਰ ਹੀਰਾ ਸਿੰਘ ਹੋਇਆ। ਅੱਗ ਫਿਰ ਭੜਕੀ, ਜਿਸ ੨੧ ਦਸੰਬਰ ੧੮੪੪ ਨੂੰ ਹੀਰਾ ਸਿੰਘ ਤੇ ਉਸਦੇ ਸਲਾਹਕਾਰ ਜੱਲੇ ਨੂੰ ਭਸਮ ਕੀਤਾ। ਇਕ ਵਜ਼ੀਰ ਦੀ ਥਾਂ ਦਸਾਂ ਦੀ ਕਮੇਟੀ ਮਹਾਰਾਜੇ ਦੀ ਸਲਾਹਕਾਰ ਬਣੀ। ਪਰ ੧੪ ਮਈ ੧੮੪੫ ਨੂੰ ਮਹਾਰਾਜ ਦਾ ਮਾਮਾਂ

ਵਰਿਆਮ

ਜਵਾਹਰ ਸਿੰਘ ਵਜ਼ੀਰ ਨੀਅਤ ਹੋਇਆ। ਫੌਜਾਂ ਦੇ ਨਸ਼ੇ ਵਿਚ ਇਸ ਨੇ ਕੰਵਰ ਪਿਸ਼ੌਰਾ ਸਿੰਘ ਨੂੰ ਅਟਕ ਕਿਲੇ ਵਿਚ ਮੁਸਲਮਾਨਾਂ ਹਥੋਂ ਮਰਵਾਇਆ ਅਤੇ ਆਪ ਇਸ ਕਾਰਨ ੨੧ ਸਤੰਬਰ ਨੂੰ ਫੌਜ ਦੇ ਗੁੱਸੇ ਦਾ ਸ਼ਿਕਾਰ ਹੋਇਆ। ਹੁਣ ਮਹਾਰਾਣੀ ਜਿੰਦਾਂ ਆਪ ਹੀ ਨਾਬਾਲਗ ਮਹਾਰਾਜੇ ਦੀ ਰੀਜੈਂਟ ਬਣੀ।

ਇਥੇ ਹੀ ਬਸ ਨਹੀਂ ਹੋਇਆ ਤੇ ਸ਼ਤਰੰਜ ਦੀ ਚਾਲ ਹੋਰ ਵਧੇਰੇ ਜੋਸ਼ ਨਾਲ ਚਲੀ ਗਈ। ਨਤੀਜੇ ਵਜੋਂ ਸਿਖਾਂ ਤੇ ਅੰਗਰੇਜ਼ਾਂ ਦੀ ਪਹਿਲੀ ਲੜਾਈ ੧੮ ਦਸੰਬਰ ੧੮੪੫ ਮੁਦਕੀ ਤੋਂ ਸ਼ੁਰੂ ਹੋਈ। ਫਿਰ ਫੀਰੋਜ਼ਸ਼ਾਹ ੨੧-੨੨ ਦਸੰਬਰ ੧੮੪੫ ਨੂੰ, ਪਰ ਇਸ ਲੜਾਈ ਦਾ ਅੰਤ ੧੦ ਫਰਵਰੀ ੧੮੪੬ ਨੂੰ ਸਭਰਾਵਾਂ ਦੇ ਮੈਦਾਨ ਵਿਚ ਹੋਇਆ। ਗਦਾਰਾਂ ਦੀ ਸ਼ਹਿ ਤੇ ਅੰਗਰੇਜ਼ ਹੋਰ ਅਗੇ ਵਧੇ ਤੇ ਉਨ੍ਹਾਂ ਰਾਜ ਪ੍ਰਬੰਧ ਵਿਚ ਦਖ਼ਲ ਦਿਤਾ। ੯ ਮਾਰਚ ੧੮੪੬ ਨੂੰ ਅੰਗਰੇਜ਼ਾਂ ਨੇ ਮਹਾਰਾਜਾ ਦਲੀਪ ਸਿੰਘ ਨੂੰ ਨਾਬਾਲਗ ਵੇਖ ਉਹਦੀ ਰਖਿਆ ਕਰਨ ਲਈ ਲਾਹੌਰ ਦਰਬਾਰ ਨਾਲ ਪਹਿਲਾ ਅਹਿਦਨਾਮਾ ਕਰਕੇ ਰਾਜ ਪ੍ਰਬੰਧ ਸਾਂਭਿਆ। ਸੱਤਾਂ ਦਿਨਾਂ ਪਿਛੋਂ ਸਹਾਇਤਾ ਦੇ ਇਨਾਮ ਵਿਚ ਕਸ਼ਮੀਰ ਮਹਾਰਾਜਾ ਗੁਲਾਬ ਸਿੰਘ ਕੋਲ ਵੇਚਿਆ ਗਿਆ ਤੇ ੧੬ ਮਾਰਚ ਨੂੰ ਇਹਨਾਂ ਦਾ ਆਪੋ ਵਿਚ ਅਹਿਦਨਾਮਾ ਹੋਇਆ। ਪਹਿਲੇ ਅਹਿਦਨਾਮੇ ਨਾਲ ਕੁਝ ਤਸੱਲੀ ਨਾ ਮਿਲੀ ਤਾਂ ਦੂਜਾ ਅਹਿਦਨਾਮਾ ਅੰਗਰੇਜ਼ਾਂ ਨੇ ਸਿਖ ਦਰਬਾਰ ਨਾਲ ਭੈਰੋਵਾਲ ੧੬ ਦਸੰਬਰ ਨੂੰ ਕੀਤਾ।

ਅੰਗਰੇਜ਼ ਪੂਰੀ ਆਜ਼ਾਦੀ ਬਿਨਾਂ ਸੰਤੁਸ਼ਟ ਨਾ ਹੋਏ। ਮਹਾਰਾਣੀ ਜਿੰਦਾਂ ਨੂੰ ਕੈਦ ਕਰ ਲਿਆ ਗਿਆ ਤੇ ਦੂਜੀ ਲੜਾਈ ਛੇੜ ਦਿਤੀ ਗਈ ਜੋ ੨੨ ਨਵੰਬਰ ੧੮੪੮ ਨੂੰ ਰਾਮ ਨਗਰ ਤੋਂ ਸ਼ੁਰੂ ਹੋਈ। ੧੩ ਦਸੰਬਰ ਨੂੰ ਸਾਦਲਪੁਰ ਤੇ ੧੩ ਜਨਵਰੀ ੧੮੪੯ ਨੂੰ ਚਿਲੀਆਂ ਵਾਲੇ ਲੜਾਈ ਹੋਈ। ੨੨ ਜਨਵਰੀ ੧੮੪੯ ਨੂੰ ਗੁਜਰਾਤ ਵਾਲੀ ਲੜਾਈ ਨੇ ਪੰਜਾਬੀ ਰਾਜ ਨੂੰ ਪੂਰੀ ਤਰ੍ਹਾਂ ਗਿਰਾ ਦਿਤਾ। ਇਨ੍ਹਾਂ ਲੜਾਈਆਂ ਵਿਚ ਸਿਖਾਂ ਨੇ ਕਿਸ ਤਰ੍ਹਾਂ ਬਹਾਦਰੀ ਨਾਲ ਮੈਦਾਨ ਜਿਤੇ, ਪਰ ਜਿਸ ਤਰ੍ਹਾਂ ਗਦਾਰਾਂ ਦੀ ਸਹਾਇਤਾ ਨਾਲ ਜਿੱਤੀਆਂ ਬਾਜ਼ੀਆਂ ਹਾਰੀਆਂ, ਸਭ ਨੂੰ ਪਤਾ ਹੀ ਹੈ। ਹੁਣ ਅੰਗਰੇਜ਼ ਨਾ ਰੁਕੇ ਤੇ ੨੯ ਮਾਰਚ ੧੮੪੯ ਵਾਲੇ ਦਿਨ ਅਹਿਦਨਾਮਿਆਂ ਦੇ ਵਿਰੁਧ ਪੰਜਾਬ ਰਾਜ ਨੂੰ ਅੰਗਰੇਜ਼ੀ ਰਾਜ ਵਿਚ ਮਿਲਾਉਣ ਦਾ ਐਲਾਨ ਕੀਤਾ ਗਿਆ।

—ਸਿੰਘ ਸਭਾ ਲਹਿਰ ਦਾ ਇਤਿਹਾਸ



Sri Satguru Jagjit Singh Ji eLibrary NamdhariElibrary@gmail.com

# ਭੂਤ ਮੰਡਲੀ ਹੋਈ ਤਿਆਰ ਮੀਆਂ

ਮਹਾਰਾਜਾ ਰਣਜੀਤ ਸਿੰਘ ਦੀ ਮੌਤ ਪਿਛੋਂ ਵਾਪਰੀ ਬੁਰਛਾਗਰਦੀ ਦਾ ਵਰਨਣ ਸ਼ਾਹ ਮੁਹੰਮਦ ਨੇ ਇਵੇਂ ਕੀਤਾ ਹੈ ।

ਪਿਛੇ ਇਕ ਸਰਦਾਰ ਦੇ ਖੇਡ ਵਿਗੜੀ
ਪਈ ਨਿਤ ਹੁੰਦੀ ਮਾਰੋ ਮਾਰ ਮੀਆਂ
ਸਿੰਘਾਂ ਮਾਰ ਸਰਦਾਰਾਂ ਦਾ ਨਾਸ ਕੀਤਾ
ਸਭੋ ਕਤਲ ਹੋਏ ਵਾਰੋ ਵਾਰ ਮੀਆਂ
ਸਿਰ ਫੌਜ ਦੇ ਰਿਹਾ ਨਾ ਕੋਈ ਕੁੰਡਾ
ਹੋਏ ਸ਼ੁਤਰ ਜਿਉਂ ਬਾਝ ਮੁਹਾਰ ਮੀਆਂ
ਸ਼ਾਹ ਮੁਹੰਮਦਾ ਫਿਰਨ ਸਰਦਾਰ ਲੁਕਦੇ
ਭੂਤ ਮੰਡਲੀ ਹੋਈ ਤਿਆਰ ਮੀਆਂ

—ਵਾਰ ਸ਼ਾਹ ਮਹੰਮਦ

# ਭਟਕਦੇ ਸਿਖਾਂ ਨੂੰ ਲੜੀ ਵਿਚ ਬੱਧਾ

—ਬਾਵਾ ਬੁਧ ਸਿੰਘ

"ਅਜ ਤੋਂ ਦੂਰ ਸੰਮਤ ੧੯੦੨ ਬਿਕਰਮੀ ਬਸੰਤ ਦੇ ਦਿਹਾੜੇ ਸਾਡੇ ਦੇਸ਼ ਵਿਚ ਇਕ ਅਜਿਹੀ ਹਸਤੀ ਪੈਦਾ ਹੋਈ, ਜਿਸਦੇ ਦਿਲ ਵਿਚ ਦਰਦ ਸੀ ਤੇ ਬਿਖੜੇ ਪੰਥ ਨੂੰ ਵੇਖ ਦੁਖੀ ਹੁੰਦਾ ਸੀ । ਇਸ ਨੇ ਖਿਲਰਦੀਂ ਸਿਖੀ ਨੂੰ ਮੋੜਾ ਪਾਇਆ । ਸਿਖਾਂ ਦੀ ਪਿੰਡੀ ਫਿਰਤੀ ਨੂੰ, ਜਿਹੜੀ ਰਾਜ ਭਾਗ ਦੇ ਖੁਸ ਜਾਣ ਪਿਛੋਂ ਕੁਦਰਤੀ ਉਖੜੀ ਹੋਈ ਸੀ, ਨੂੰ ਇਕਾਗਰ ਕਰਕੇ ਸਤਿਗੁਰ ਵਲ ਲਾਇਆ । ਡੁਠੇ ਰਾਜ ਦੇ ਗੁਆਚਣ ਦੇ ਅਫਸੋਸ ਨੂੰ ਦੂਰ ਕਰਨ ਲਈ ਮੁੜ ਖਾਲਸੇ ਦੇ ਰਾਜ ਲੈਣ ਦਾ ਸੁਨੇਹਾ ਦਿਤਾ । ਪਰ ਇਹ ਖਾਲਸੇ ਦਾ ਸੱਚਾ ਰਾਜ ਸੀ । ਧਾਰਮਕ ਅਸੂਲ ਦੀ ਜਿਤ ਸੀ । ਇਹ ਹਸਤੀ ਬਾਬਾ ਰਾਮ ਸਿੰਘ ਨਾਮਧਾਰੀ (ਕੂਕਾ) ਦੀ ਸੀ । ਜਿਨ੍ਹਾਂ ਨੇ ਮੁੜ ਨਾਮ ਦਾ ਪਰਵਾਹ ਚਲਾਇਆ ਤੇ ਭਟਕਦੇ ਸਿਖਾਂ ਨੂੰ ਲੜੀ ਵਿਚ ਬੱਧਾ ।

---

ਬਨਸਪਤਿ ਮਉਲੀ ਚੜਿਆ ਬਸੰਤੁ
ਇਹੁ ਮਨੁ ਮਉਲਿਆ ਸਤਿਗੁਰੂ ਸੰਗਿ
ਤੁਮ ਸਾਚੁ ਧਿਆਵਹੁ ਮੁਗਧ ਮਨਾ
ਤਾਂ ਸੁਖੁ ਪਾਵਹੁ ਮੇਰੇ ਮਨਾ...ਬਸੰਤ ਮ: ੩

# ਪੂਰਨ ਪ੍ਰਤਾਪੀ

—ਗਿਆਨੀ ਕਰਤਾਰ ਸਿੰਘ ਕਲਾਸਵਾਲੀਆ—

ਜਦੋਂ ਸਿਖਾਂ ਦਾ ਰਾਜ ਭਾਗ ਖੁਸ ਗਿਆ ਤਾਂ ਫੇਰ ਕੀ ਹੋਇਆ—ਗਿਆਨੀ ਕਰਤਾਰ ਸਿੰਘ ਕਲਾਸਵਾਲੀਆ ਸਾਬਕਾ ਹੈਡ ਗਰੰਥੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਨੇ ਇਸ ਗੱਲ ਨੂੰ ਕਵਿਤਾ ਰੂਪ ਵਿਚ ਇਵੇਂ ਪੇਸ਼ ਕੀਤਾ : —ਸੰਪਾਦਕ

ਸਮੇਂ ਦੀ ਕੁਚਾਲ ਨੇ ਕੁਚਾਲ ਆਂਦਾ ਦੇਸ਼ ਵਿਚ
ਸਿੰਘ ਨਾ ਸੰਭਾਲ ਸਕੇ ਰਾਜ ਭਾਗ ਭਾਰਾ ਸੀ
ਭਾਰਾ ਹੈਸੀ ਰੋਗ ਸੋਗ ਫੁਟ ਮਾਰੇਂ ਫੁਟ ਫੁਟ
ਪੁਟ ਪੁਟ ਥਾਕ ਸਤਲੁਜ ਬੀਚ ਡਾਰਾ ਸੀ
ਡਾਰਾ ਸੀ ਫਰੰਗੀਆਂ ਨੇ ਜਾਲ ਆ ਵਿਸਾਲ ਸਾਰੇ
ਘਰ ਘਰ ਪੈਰ ਆ ਪਖੰਡ ਨੇ ਪਸਾਰਾ ਸੀ
ਸਾਰਾ ਸੀ ਕਰਤਾਰ ਸਿੰਘਾਂ ਕਿਸੇ ਵੀ ਨਾ ਕਾਜ ਕੋਈ,
ਚਲਕੇ ਕੁਪੰਥ ਪੰਥ ਰਾਜ ਭਾਗ ਹਾਰਾ ਸੀ ।
ਕਲਾ ਵਰਤਾਈ ਮਹਾਰਾਜ ਨੇ ਜਗਾਈ ਜੋਤ,
ਭੈਣੀ ਪਿੰਡ ਵਿਚ ਭਖੇ ਭਾਨ ਉਜਿਆਰਾ ਸੀ ।
ਪੂਰਨ ਪ੍ਰਤਾਪੀ ਨਾਮ ਜਾਪੀ ਥਾਪੀ ਸਿਖੀ ਸਾਖ,
ਸਿਦਕ ਭਰੋਸੇ ਤੇਸੇ ਘੋਲ ਤੋਲ ਭਾਰਾ ਸੀ ।
ਭਾਰਾ ਸੀ ਜਮਾਲ ਤੇ ਕਮਾਲ ਦੀ ਤਾਸੀਰ ਭਾਰੀ,
ਨਾਮ ਦਾ ਵਜਾਇਆ ਸਾਰੇ ਜਗ ਤੇ ਨਗਾਰਾ ਸੀ
ਹਾਰਾ ਸੀ ਕਰਤਾਰ ਸਿੰਘ ਪਾਪੋ ਰਾਮ ਸਿੰਘ ਜੀ ਨੇ,
ਕਾਮ ਕਰੋਧ ਲੋਭ ਮੋਹ ਦੁਸ਼ਟ ਹੰਕਾਰਾ ਸੀ ।

—ਸਤਿਜੁਗ-੨੨ ਮਾਘ ੧੯੫੬



Sri Satguru Jagjit Singh Ji eLibrary NamdhariElibrary@gmail.com

# ਦਿਨ ਬਸੰਤ ਦੇ ਆਇਆ

—ਭਾਈ ਕਾਨ੍ਹ ਸਿੰਘ ਨਾਭਾ—

"ਸਾਡੇ ਦੇਸ਼ ਦੀ ਦੁਰਦਸ਼ਾ ਰੂਪ ਸ਼ਿਸ਼ਰ ਦਾ ਅੰਤ ਕਰਨ ਲਈ ਸ੍ਰੀ ੧੦੮ ਬਾਬਾ ਰਾਮ ਸਿੰਘ ਸਾਹਿਬ ਬਸੰਤ ਰੂਪ ਇਸ ਬਸੰਤ ਨੂੰ ਪ੍ਰਗਟ ਹੋਏ, ਜਿਨ੍ਹਾਂ ਨੇ ਨਾਮ ਅੰਮ੍ਰਿਤ ਦੀ ਵਰਖਾ ਨਾਲ ਮੁਰਝਾਏ ਮਨਾਂ ਨੂੰ ਟਹਿਕਾ ਦਿਤਾ।

ਧੰਨ ਹੈ ਉਹ ਦੇਸ਼, ਉਹ ਕੁਲ, ਉਹ ਕੌਮ ਜਿਸ ਵਿਚ ਅਜਿਹੇ ਅਦੁਤੀ ਪਰਉਪਕਾਰੀ ਕੁਰਬਾਨੀ ਕਰਨ ਵਾਲੇ ਉਤਪੰਨ ਹੋ ਕੇ ਆਪ ਕਸ਼ਟ ਸਹਾਰ ਕੇ, ਹੋਰਨਾਂ ਦੇ ਸੁਖ ਦਾ ਕਾਰਨ ਹੁੰਦੇ ਹਨ। (੨੨ ਮਾਘ ੧੯੯੪)

ਵਿਸਯ ਅਗਨਿ ਕਰ ਤਪਤ ਹਿਦੈ ਜਿਨ ਨਾਮਾਮ੍ਰਿਤ ਦੇ ਠਾਹੇ ।
ਗੁਰੂ ਮਤ ਦੇ ਅਨੁਰਾਗੀ ਕੀਤੇ ਪਾਮਰ ਪਾਪੀ ਭਾਰੇ ।
ਭੰਗ ਅਫੀਮ ਸ਼ਰਾਬ ਛੁੜਾ ਕੇ ਨਸ਼ਾ ਪ੍ਰੇਮ ਦਾ ਦਿੱਤਾ ।
ਮੰਗ ਖਾਣ ਨੂੰ ਖੰਡਨ ਕੀਤਾ ਦਸ ਧਰਮ ਦਾ ਕਿੱਤਾ ।
ਫੁੱਟ ਈਰਖਾ ਵੈਰ ਭਾਵ ਅਰ ਨਫਰਤ ਮਨੋਂ ਹਟਾਏ ।
ਮੁਦਿਤਾ ਮੈਤ੍ਰੀ ਕਰੁਣਾ ਚਿਤ੍ਰ ਕਰ ਸਿਖਾਂ ਚਿਤ ਵਸਾਈ ।
ਭੁੱਖਾ ਨੰਗਾ ਰੋਗੀ ਸੰਗੀ ਜੋ ਸਰਨੀ ਚਲ ਆਵੇ ।
ਹੋਵਿ ਤ੍ਰਿਪਤ ਅਰ ਪਰਮ ਅਨੰਦੀ ਜੀਵਨ ਸਫਲ ਸਿਞਾਵੇ ।
ਸਿਖੀ ਬਾਗ ਸਿੜ੍ਹਾਂ ਜਦ ਝੁਲਸਿਆ ਝੜੇ ਪਤ੍ਰ ਬਿਨ ਸਾਖਾ ।
ਰੂਪ ਬਸੰਤ ਧਾਰ ਕੇ ਬਾਬਾ ਦਿਨ ਬਸੰਤ ਦੇ ਆਇਆ ।
ਰੌਣੀ ਵਿਚ ਗੁਲਜ਼ਾਰ ਲਗਾਈ ਸਿਮਰਨ ਗਰਿਤ ਵਹਾ ਕੇ ।
ਪ੍ਰੇਮੀ ਭੌਰ ਹੋਇ ਮਸਤਾਨੇ ਪਾਣ ਪੁਨੇਰੀ ਆ ਕੇ ।
ਬਾਲ ਅਵਸਥਾ ਵਿਚ 'ਵਿਸ਼ੇਸ਼' ਨੇ ਅਦਭੁਤ ਮੂਰਤਿ ਚੀਨੀ ।
ਸਿਰ ਤੇ ਖੰਡਾ ਦੇਖ ਸਿਮਰਨੀ ਰਜ਼ਿਆ ਬਾਂਕੀ ਚੀਨੀ ।
ਜਿਸਦੀ ਮਿੱਠੀ ਬਾਣੀ ਅੰਦਰ ਵਿਚੀ ਲੱਗੀ ਚੀਨੀ ।
ਦਰਸ਼ਨ ਕਰਕੇ ਨੇਤ੍ਰ ਵਿਗਸਦੇ ਜਿਉਂ ਰਵਿ ਪਿਖ ਗੁਲ ਚੀਨੀ ।

# ਵਡੇ ਮਹਾਂ ਪੁਰਸ਼

—ਕਾਮਰੇਡ ਸੋਹਨ ਸਿੰਘ ਜੋਸ਼

"ਮਹਾਂ ਪੁਰਸ਼ਾਂ, ਮਹਾਂ ਪੁਰਸ਼ਾਂ ਵਿਚ ਥੋੜ੍ਹਾ ਬਹੁਤ ਫਰਕ ਹੁੰਦਾ ਹੈ, ਪਰ ਆਮ ਤੌਰ ਤੇ ਉਹਨਾਂ ਦੇ ਮੋਟੇ ਮੋਟੇ ਅਸੂਲ ਬਹੁਤ ਕੁਝ ਮਿਲਦੇ ਜੁਲਦੇ ਹੁੰਦੇ ਹਨ। ਬਾਬਾ ਰਾਮ ਸਿੰਘ ਜੀ ਸਭ ਤੋਂ ਵੱਡੇ ਮਹਾਂ ਪੁਰਸ਼ ਸਨ ਜਿਨ੍ਹਾਂ ਨੇ ਮੁਰਦਾ ਰੂਹਾਂ ਵਿਚ ਉਹ ਇਨਕਲਾਬੀ ਰੂਹ ਭਰ ਦਿਤੀ ਕਿ ਮੁਰਦਾ ਆਦਮੀ ਜੋਸ਼ ਰਲਿਆਂ ਤੇ ਰੱਖ ਕੇ ਹਰ ਤਰ੍ਹਾਂ ਦੀ ਕੁਰਬਾਨੀ ਕਰਨ ਲਈ ਤਿਆਰ ਹੋ ਗਏ ਅਤੇ ਉਹਨਾਂ ਦੀ ਆਪਣੀ ਕੁਰਬਾਨੀ ਵੀ ਏਡੀ ਵਡੀ ਹੈ ਕਿ ਉਹ ਮੁਰਦਾ ਜੀਵਾਂ ਵਿਚ ਨਵੀਂ ਜ਼ਿੰਦਗੀ ਭਰ ਦਿੰਦੀ।

ਵਰਿਆਮ

### ਵਖਰੇ ਭਾਰਤ

—ਮਾਸਟਰ ਕਾਬਲ ਸਿੰਘ ਗੋਬਿੰਦਪੁਰੀ

ਅੱਜ ਤੋਂ ਲਗਪਗ ਸਵਾ ਸੌ ਵਰ੍ਹੇ ਪਹਿਲਾਂ ਹਿੰਦੁਸਤਾਨ ਦੇ ਸੂਬਾ ਪੰਜਾਬ ਦੀ ਸਿਰਤੀ ਜ਼ਮੀਨ ਨੇ ਇਕ ਅਜਿਹੇ ਮਹਾਂਪੁਰਸ਼ ਨੂੰ ਜਨਮ ਦਿਤਾ, ਜਿਸ ਨੇ ਨਾ ਕੇਵਲ ਭਾਰਤਵਰਸ਼ ਦੀ ਆਰਥਿਕ ਸਮਾਜਕ ਤੇ ਸਦਾਚਾਰਕ ਜ਼ਿੰਦਗੀ ਵਿਚ ਪਲਟਾ ਦਿਤਾ, ਸਗੋਂ ਰਾਜਸੀ ਜ਼ਿੰਦਗੀ ਵਿਚ ਵੀ ਇਨਕਲਾਬ ਦੀ ਨੀਂਹ ਰੱਖੀ, ਮੇਰਾ ਇਸ਼ਾਰਾ ਵਖਰੇ ਭਾਰਤ ਸ੍ਰੀ ਬਾਬਾ ਰਾਮ ਸਿੰਘ ਜੀ ਅਤੇ ਉਹਨਾਂ ਦੀ ਚਲਾਈ ਹੋਈ ਇਨਕਲਾਬੀ ਲਹਿਰ ਤੋਂ ਹੈ।



Sri Satguru Jagjit Singh Ji eLibrary NamdhariElibrary@gmail.com

THE TRADERS' BANK LTD.
COMPLETES

# 50

(1933–1983)

YEARS OF DEDICATED SERVICE TO THE NATION

WE PAY 0·25% MORE INTEREST ON SAVINGS
AND TERM DEPOSITS
UPTO 3 YEARS THAN OTHER SCHEDULED
COMMERCIAL BANKS

*Invest in our attractive deposit schemes*
*and grow with the growing Bank*

**Branches in : PUNJAB, HARYANA, U. P. & DELHI**

**THE TRADERS' BANK LTD.**
(Regd. & H. O. H-72, Connought Circus, New Delhi)

(Scheduled Bank)

S PARKASH SINGH
General Manager

S. SHER SINGH SINDHU
Chairman



Sri Satguru Jagjit Singh Ji eLibrary NamdhariElibrary@gmail.com

# ਸਿੱਖ ਮਾਤਰ ਖੁਸ਼ੀਆਂ ਵਿਚ ਸ਼ਾਮਲ ਹੋਵੇ

—ਭਾਈ ਸੇਵਾ ਸਿੰਘ
ਸੰਪਾਦਕ ਖਾਲਸਾ ਸਮਾਚਾਰ

ਆਪ ਸਿੱਖ ਸੈਨਾ ਦੇ ਸਿਪਾਹੀ ਸਨ। ਜਦ ਲਾਹੌਰ ਦਰਬਾਰ ਨੇ ਸਰਹੱਦੀ ਇਲਾਕੇ ਦੀ ਸੁਧਾਈ ਲਈ ਚੜ੍ਹਾਈ ਕੀਤੀ, ਇਹ ਵੀ ਨਾਲ ਸਨ। ਹਜ਼ਰੋ ਦੇ ਮੁਕਾਮ ਤੇ ਆਪ ਦੀ ਬਾਬਾ ਬਾਲਕ ਸਿੰਘ ਜੀ ਨਾਲ ਭੇਟ ਹੋਈ। ਬਾਬਾ ਜੀ ਆਪਣੇ ਸਮੇਂ ਦੇ ਸਿਧ ਤੇ ਪੂਰਨ ਪੁਰਖ ਸਨ। ਵੇਖਦੇ ਹੀ ਸਮਝ ਗਏ ਕਿ ਇਹ ਸਿਪਾਹੀ ਕਲਗੀਧਰ ਜੀ ਦੀ ਮੁਕਤੀ ਫੌਜ ਦਾ ਜਰਨੈਲ ਬਣੇਗਾ। ਇਹਨਾਂ ਨੂੰ ਆਪਣੇ ਪਾਸ ਬਿਠਾਇਆ ਤੇ 'ਨਾਮ' ਦਿਤਾ।

''ਬਾਬਾ ਬਾਲਕ ਸਿੰਘ ਜੀ ਦੀ ਦਿਤੀ ਨਾਮ ਦੀ ਕਣੀ ਅਫਲ ਜਾਣ ਵਾਲੀ ਨਹੀਂ ਸੀ, ਉਹਨਾਂ ਤੋਂ ਵੇਖਕੇ ਬੀਜ ਪਾਇਆ ਸੀ, ਥੋੜ੍ਹੇ ਚਿਰ ਵਿਚ ਹੀ ਬਾਬਾ ਰਾਮ ਸਿੰਘ ਜੀ ਦੇ ਅੰਦਰ ਪ੍ਰੇਮ ਦੀਆਂ ਤਾਂਘਾਂ ਆ ਗਈਆਂ। ਕਲਗੀਆਂ ਵਾਲੇ ਦਾ ਪ੍ਰੇਮ ਰੋਮ ਰੋਮ ਵਿਚ ਸਮਾ ਗਿਆ। ਚਿਹਰੇ ਤੇ ਜਲਾਲ ਛਾ ਗਿਆ। ਮੱਥੇ ਤੇ ਨੂਰ ਚਮਕਣ ਲਗਾ। ਅੱਖਾਂ ਸਰੂਰ ਵਿਚ ਹੋ ਗਈਆਂ, ਨਾਮ ਵਿਹੂਣੇ ਜਗਤ ਨੂੰ ਵਾਹਿਗੁਰੂ ਨਾਲ ਜੋੜਨ ਦੀ ਅਕਾਂਖਿਆ ਸੀਨੇ ਵਿਚ ਪ੍ਰਬਲ ਹੋ ਉਠੀ ਤੇ ਆਪਣੇ ਸਿੱਖੀ ਦੇ ਪ੍ਰਚਾਰ ਨੂੰ ਆਪਣਾ ਮੁਖ ਪ੍ਰਯੋਜਨ ਬਣਾ ਲਿਆ। ਪਿੰਡ ਪਿੰਡ ਦੀਵਾਨ ਸਜਣ ਲੱਗੇ। ਅੰਮ੍ਰਿਤ ਦੇ ਬਾਟੇ ਤਿਆਰ ਹੋਣ ਲੱਗੇ। ਜਿਸਨੇ ਆਪ ਦੀ ਰਸਨਾ ਤੋਂ ਉਪਦੇਸ਼ ਸੁਣਿਆ ਮੋਹਿਤ ਹੋ ਗਿਆ। ਜੋ ਇਨ੍ਹਾਂ ਦੀ ਸੰਗਤ ਵਿਚ ਆਇਆ, ਸਿਦਕ ਨਾਲ ਭਰ ਗਿਆ। ਜਿਸਨੇ ਇਹਨਾਂ ਦੀ ਰਹਿਣੀ ਵੇਖੀ ਚਲੂਲੇ ਰੰਗ ਵਿਚ ਰੰਗਿਆ ਗਿਆ। ਇਤਿਹਾਸ ਦਸਦਾ ਹੈ—ਨਾ ਕੇਵਲ ਇਤਿਹਾਸ ਦਸਦਾ ਹੈ, ਬਲਕਿ ਇਸ ਅਲੌਕਿਕ ਦ੍ਰਿਸ਼ ਨੂੰ ਅਖੀਂ ਵੇਖਣ ਵਾਲੇ ਦਸਦੇ ਹਨ ਕਿ ਸੈਂਕੜੇ ਤੇ ਹਜ਼ਾਰਾਂ ਨਹੀਂ ਬਲਕਿ ਲੱਖਾਂ ਆਦਮੀ ਆਪਣੇ ਗਿਰਦ ਜਮ੍ਹਾਂ ਹੋਣ ਲੱਗੇ, ਜਿਨ੍ਹਾਂ ਨੇ 'ਨਾਮ' ਨੂੰ ਆਪਣਾ ਅਧਾਰ ਬਣਾ ਲਿਆ ਤੇ ਨਾਮ ਦੇ ਰਸ ਵਿਚ ਸਰਸ਼ਾਰ ਹੋ ਗਏ। ਹੁਣ ਵੀ ਵੇਖਣ ਵਿਚ ਆਉਂਦਾ ਹੈ ਕਿ ਗੁਰਬਾਣੀ ਸੁਣਦੇ ਹੀ ਨਾਮਧਾਰੀ ਬਿਹਬਲ ਹੋ ਉਠਦੇ ਹਨ। ਇਸ ਗਏ ਗੁਜ਼ਰੇ ਜ਼ਮਾਨੇ ਵਿਚ ਵੀ ਨਾਮਧਾਰੀ ਵੀਰਾਂ ਦੀ ਸਾਦਗੀ, ਗੁਰਬਾਣੀ ਪਿਆਰ, ਗੁਰ ਮਰਯਾਦਾ ਵਿਚ ਪ੍ਰਪੱਕਤਾ ਤੇ ਰਹਿਤ ਬਹਿਤ ਦੀ ਦ੍ਰਿੜਤਾ ਅਜਿਹੇ ਗੁਣ ਹਨ, ਜਿਨ੍ਹਾਂ ਤੋਂ ਅੱਜ ਵੀ ਰਹਿਨੁਮਾਈ ਲਈ ਜਾ ਸਕਦੀ ਹੈ।''

''ਅੱਜ ਬਾਬਾ ਰਾਮ ਸਿੰਘ ਜੀ ਦਾ ਜਨਮ ਦਿਨ ਹੈ। ਨਾਮਧਾਰੀ ਵੀਰ ਬਾਬਾ ਜੀ ਦੇ ਜਨਮ ਉਤਸਵ ਨੂੰ ਖੁਸ਼ੀਆਂ ਨਾਲ ਮਨਾ ਰਹੇ ਹਨ, ਸਿੱਖ ਮਾਤਰ ਨੂੰ ਇਨ੍ਹਾਂ ਨਾਲ ਇਸ ਖੁਸ਼ੀ ਵਿਚ ਸ਼ਾਮਲ ਹੋਣਾ ਚਾਹੀਦਾ ਹੈ।

''ਬਾਬਾ ਰਾਮ ਸਿੰਘ ਜੀ ਉਹ ਮਹਾਨ ਹਸਤੀ ਸਨ, ਜਿਨ੍ਹਾਂ ਦੀ ਰਾਹੀਂ ਸੈਂਕੜੇ ਨਹੀਂ, ਹਜ਼ਾਰਾਂ ਰੂਹਾਂ ਸਿੱਖੀ ਮੰਡਲ ਵਿਚ ਆਈਆਂ। ਕਲਗੀ ਵਾਲੇ ਦੇ ਜਹਾਜ਼ ਚੜ੍ਹੀਆਂ ਤੇ ਸੁਖੀ ਹੋਈਆਂ। ਮੈਨੂੰ ਇਹ ਗੱਲ ਲਿਖਦਿਆਂ ਰਤਾ ਜਿੰਨਾਂ ਵੀ ਸੰਕੋਚ ਨਹੀਂ ਕਿ ਲਾਹੌਰ ਸਿੱਖ ਦਰਬਾਰ ਦਾ ਸੂਰਜ ਅਸਤ ਹੋਣ ਦੇ ਦਿਨ ਤੋਂ ਲੈ ਕੇ ਅੱਜ ਤੱਕ ਕੋਈ ਵੀ ਅਜਿਹਾ ਵਿਅਕਤੀ ਵੇਖਣ ਵਿਚ ਨਹੀਂ ਆਇਆ, ਜਿਸਨੇ ਗੁਰਬਾਣੀ, ਗੁਰਮਤ ਤੇ ਅੰਮ੍ਰਿਤ ਦਾ ਏਨਾ ਪ੍ਰਚਾਰ ਕੀਤਾ ਹੋਵੇ, ਜਿੰਨਾ ਕਿ ਬਾਬਾ ਰਾਮ ਸਿੰਘ ਜੀ ਨੇ ਕੀਤਾ ਸੀ। ਕੀ ਅਜਿਹੀ ਸੂਰਤ ਵਿਚ ਇਸ ਨਾਮ ਰਸੀਏ, ਕਲਗੀਆਂ ਵਾਲੇ ਦੇ ਪਰਮ ਪ੍ਰਚਾਰਕ ਜਰਨੈਲ ਤੇ ਗੁਰਮੁਖ ਪਿਆਰੇ ਬਾਬਾ ਰਾਮ ਸਿੰਘ ਜੀ ਜੇਹੇ ਕਰਨੀ ਦੇ ਸੂਰੇ, ਮਹਾਂਪੁਰਖ ਦੇ ਜਨਮ ਉਤਸਵ ਦੀ ਖੁਸ਼ੀ ਵਿਚ ਸ਼ਾਮਲ ਹੋਣਾ ਸਿੱਖ ਮਾਤਰ ਲਈ ਜ਼ਰੂਰੀ ਨਹੀਂ ? ਜੇ ਸਿੱਖ ਬਾਬਾ ਜੀ ਦੇ ਸਤਿਕਾਰ ਤੇ ਸਨਮਾਨ ਵਿਚ ਹਿੱਸਾ ਨਹੀਂ ਲੈਣਗੇ ਤਦ ਉਹ ਆਪਣੇ ਫਰਜ਼ ਦੇ ਪੂਰਾ ਕਰਨ ਤੋਂ ਰਸੇ ਰਹਿਣਗੇ।''

## ਨਾਮ ਦੀਆਂ ਲੋਰੀਆਂ

—ਲਾਲਾ ਧਨੀ ਰਾਮ ਚਾਤ੍ਰਿਕ

''ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਸੁੱਤੇ ਹੋਏ ਪੰਜਾਬ' ਨੂੰ ਨਾਮ ਦੀਆਂ ਮਿੱਠੀਆਂ ਲੋਰੀਆਂ ਨਾਲ ਸਾਵਧਾਨ ਕਰਕੇ ਇਕ ਨਵੇਂ ਆਤਮਕ ਜੰਗ ਵਾਸਤੇ ਤਿਆਰ ਕੀਤਾ।''

੨੨ ਮਾਘ ੧੯੯੬



Sri Satguru Jagjit Singh Ji eLibrary NamdhariElibrary@gmail.com

# ਸਾਡੀ ਬਸੰਤ ਖਿੜ ਪਈ

—ਪ੍ਰਿੰ: ਗੰਗਾ ਸਿੰਘ

ਕੌਣ ਨਹੀਂ ਜਾਣਦਾ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੀ ਅਰਸ਼ਾਂ ਤੋਂ ਲਿਆ ਕੇ ਦਿੱਤੀ ਹੋਈ ਬਸੰਤ ਦਾ ਬੂਟਾ ਜੋ ਸ਼ਹੀਦਾਂ ਨੇ ਆਪਣੇ ਪਾਵਨ ਖ਼ੂਨ ਨਾਲ ਸਿੰਜਿਆ ਸੀ, ਤਾਜਮਦ ਵਿਚ ਮਸਤ ਹੋਏ ਗੋਰਿਆਂ ਤੇ ਕਾਲਿਆਂ ਵਾਲੇ ਸਿਖ ਸਰਦਾਰਾਂ ਨੇ ਪਾਣੀ ਦੀ ਥਾਂ ਤੇਜ਼ਾਬ ਪਾ ਪਾ ਮੁਰਝਾ ਦਿਤਾ ਸੀ। ਸਤਲੁਜ ਦਾ ਪੁਲ ਨਹੀਂ ਸੀ ਟੁੱਟਾ, ਸਿੱਖ ਸੱਤਾ ਦਾ ਸਰੀਰ ਟੁੱਟ ਗਿਆ ਸੀ। ਬਿਜਲੀ ਦੀ ਚਮਕ ਵਾਂਗ ਅਸੀਂ ਜਗਤ ਦੀਆਂ ਅੱਖਾਂ ਚੁੰਧਿਆ ਕੇ ਛੁਪ ਚਲੇ ਸਾਂ, ਆਪੋ ਵਿਚ ਫਟੇ ਹੋਏ ਖਲਾਰਿਆਂ ਦੇ ਹੱਥ ਆਏ ਸਾਂ, ਜਿਨ੍ਹਾਂ ਹੋਰ ਵੀ ਤਾਰ ਤਾਰ ਕਰ ਸੁਟਿਆ। ਅਧ ਮੋਇਆ ਵਰਗਾ ਪਏ ਹੋਏ ਸਾਂ। ਬਲ, ਪਰਾਕ੍ਰਮ ਵਿਦਾ ਹੋ ਚੁਕਾ ਸੀ। ਤਲਵਾਰ ਖੁਸ ਗਈ ਸੀ, ਜਾਂ ਚਲਾਉਣੀ ਆਉਂਦੀ ਸੀ, ਟਕੇ ਟਕੇ ਤੋਂ ਜੋ ਖਜ਼ਾਨੇ ਵਾਸਤੇ ਚਲਾਉਂਦੇ ਰਹੇ। ਆਤਮ ਬਲ ਕਾਫ਼ੂਰ ਹੋ ਬਦਕਿਸਮਤਾ! ਤੂੰ ਪਿਤਾ ਦੀਆਂ ਬਰਕਤਾਂ ਤੋਂ ਮਹਿਰੂਮ ਹੋ ਗਿਓਂ। ਸੁਰਤ ਸੰਭਾਲ ਤੇ ਸੁਲਾ ਆਪਣੇ ਪੈਰਾਂ ਨੂੰ। ਗੁਲਾਮੀ ਦੀ ਚੋਟ ਨੂੰ ਮਹਿਸੂਸ ਕਰ ਕੇ ਸਿਖ ਨੇ ਪਿਤਾ ਨੂੰ ਕੂਕਾਂ ਮਾਰ ਮਾਰ ਸੱਦਣਾ ਸ਼ੁਰੂ ਕੀਤਾ। ਲੋਕ ਉਸ ਨੂੰ ਕੂਕਾ ਕਹਿੰਦੇ ਸਨ, ਪਰ ਨਹੀਂ ਸਨ ਜਾਣਦੇ ਕਿ ਰੁਸਦੀਆਂ ਕੂਕਾਂ ਵਿਚ ਰੱਬੀ ਰਾਗ ਹੈ। ਉੱਠ ਕੇ ਖਲੋ ਆਖਿਆ ਤੇ ਬ੍ਰਾਹਮਣ ਗਰੀਬੀ ਦੀਆਂ ਜ਼ੰਜੀਰਾਂ ਤੋਂ ਆਜ਼ਾਦ ਹੋ ਬੈਠਾ। ਧਾਰਨਾ ਧਾਰ ਲਈ ਕਿ ਮਨ ਵਿਚ ਇਕ ਸ੍ਰੀ ਅਕਾਲ ਦੀ ਪੂਜਾ ਬਿਨਾਂ ਹੋਰ ਕਿਸੇ ਨੂੰ ਜਗ੍ਹਾ ਨਹੀਂ ਦੇਣੀ। ਮੜ੍ਹੀ ਮਸਾਣੀ, ਦੇਵੀ, ਦੇਵ, ਗੋਰਾਂ, ਕਬਰਾਂ, ਭੂਤ ਪ੍ਰੇਤ, ਟੂਣੇ, ਸ਼ਗਨ, ਜਾਤ-ਪਾਤ ਤੇ ਵਰਨ ਵੰਡ ਦੇ ਝਮੇਲਿਆਂ ਨੂੰ ਪਰੇ ਸੁਟ ਪਾਣਾ ਹੈ। ਅਤੇ ਦੁਨਿਆਵੀ ਕਾਰ ਵਿਹਾਰ ਵਿਚ ਸੰਤੋਖ ਧਾਰਨਾ, ਸਾਦਾ ਖਾਣਾ, ਸਾਦਾ ਪਹਿਨਣਾ ਤੇ ਨੌਕਰੀ ਨਹੀਂ ਕਰਨੀ, ਦਾਸ ਨਹੀਂ ਅਖਵਾਉਣਾ। ਬਸ ਇਸ ਵਰਤੋਂ ਹੋਣ ਦੀ ਦੇਰ ਸੀ ਜੁ ਪੰਥ ਵਿਚ ਇਕ ਨਵੀਂ ਬਹਾਰ ਆ ਗਈ। ਨਵੇਂ ਮੌਲੇ ਖਿੜ ਪਏ। ਪੰਥਕ ਬਾਗ਼ ਨੂੰ ਫਾਰ ਚੇਤ ਲੱਗ ਗਏ ਨੇ ਜਿਥੇ ਸਾਡਾ ਅੰਤ ਦਿਸ ਰਿਹਾ ਸੀ, ਉਥੇ ਸਾਡੀ ਬਸੰਤ ਆ ਖਿੜ ਪਈ। ਇਹ ਸਭ ਕੁਝ ਕਿਸ ਦੀ ਮੇਹਰ ਨਾਲ ਹੋਇਆ? ਕਿਸ ਨੇ ਇਸ ਸੌਂਗੀ ਵਾਲੇ ਘਰ ਵਿਚ ਖ਼ੁਸ਼ੀ ਦੇ ਗੀਤਾਂ ਦੀ ਗੁੰਜਾਰ ਲਾ ਦਿਤੀ। ਇਹ ਕੌਣ ਸੀ? ਜੋ ਭੈਣੀ ਵਿਚੋਂ ਉਠਿਆ ਸੀ, ਅਜ ਅਸੀਂ ਉਸ ਨਾਲ ਸਤਿਸੰਗ ਮਾਣ ਰਹੇ ਹਾਂ ਤੇ ਜਦ ਤਕ ਉਸ ਨਾਲ ਜੁੜੇ ਰਹਾਂਗੇ ਇਹ ਬਸੰਤ ਖਿੜੀ ਰਹੇਗੀ। ਸਾਨੂੰ ਸਦਾ ਹੀ ਅਜਿਹੇ ਮਹਾਂ ਪੁਰਖਾਂ ਦੀ ਯਾਦ ਆਪਣੇ ਦਿਲ ਵਿਚ ਤਾਜ਼ੀ ਰਖਣੀ ਚਾਹੀਦੀ ਹੈ। ਜੇ ਸ੍ਰੀ ਬਾਬਾ ਰਾਮ ਸਿੰਘ ਜੀ ਦੇ ਆਦਰਸ਼ ਤੋਂ ਅਸੀਂ ਚਮੜੀ ਦਾਮ ਦੀ ਖ਼ਾਤਰ ਵਿਚ ਟਿਕੀਏ ਤੇ ਸਚੇ ਸਿੰਘ ਸਜਣ ਦਾ ਉਤਸ਼ਾਹ ਸਾਡੇ ਹਿਰਦਿਆਂ ਵਿਚ ਆਵੇ ਤਾਂ ਹੀ ਇਹ ਬਸੰਤ ਸਹੀ ਅਰਥਾਂ ਵਿਚ ਬਸੰਤ ਹੋ ਸਕਦੀ ਹੈ।

੧੦ ਮਘਰ ੧੯੯੨

# ਸਭ ਤੋਂ ਵੱਡਾ ਮਹਾਂਪੁਰਸ਼

—ਸਵ: ਗਿਆਨੀ ਹੀਰਾ ਸਿੰਘ 'ਦਰਦ'

"...ਸਿਖ ਇਤਿਹਾਸ ਦੇ ਵਾਚਣ ਤੋਂ ਚੰਗੀ ਤਰ੍ਹਾਂ ਪਤਾ ਲਗ ਜਾਂਦਾ ਹੈ ਕਿ ਸਿਖ ਰਾਜ ਦੇ ਜਾਣ ਮਗਰੋਂ ਪੰਥਕ ਜਥੇਬੰਦੀ ਪੂਰੀ ਤਰ੍ਹਾਂ ਖੇਰੂੰ ਖੇਰੂੰ ਹੋ ਗਈ ਸੀ ਅਤੇ ਸਿਖਾਂ ਵਿਚ ਬੜੀ ਗਿਰਾਵਟ ਆ ਗਈ ਸੀ। ਨਾ ਸਿਖ ਤਖਤਾਂ ਦੇ ਅਧਿਕਾਰ ਰਹਿ ਗਏ ਸਨ ਤੇ ਨਾ ਹੀ ਸਿਖ ਗੁਰਦੁਆਰਿਆਂ ਦੀ ਹਾਲਤ ਅਜਿਹੀ ਰਹੀ ਸੀ ਕਿ ਪੰਥ ਅੰਦਰ ਧਾਰਮਿਕ ਉਤਸ਼ਾਹ ਤੇ ਕੁਰਬਾਨੀ ਦਾ ਜੋਸ਼ ਭਰ ਸਕਦੇ। ਵਿਜਈ ਅੰਗਰੇਜ਼ ਨੇ ਦੂਜੇ ਸਿਖ ਯੁਗ ਤੋਂ ਸਬਕ ਲੈ ਕੇ ਸਿਖਾਂ ਦੀ ਆਜ਼ਾਦੀ ਤੇ ਸਵੈਮਾਨ ਦੀ ਸਪਿਰਟ ਤੇ ਧਾਰਮਿਕ ਜੋਸ਼ ਖ਼ਤਮ ਕਰਨ ਲਈ ਹਰ ਤਰ੍ਹਾਂ ਦੇ ਜਤਨ ਆਰੰਭ ਦਿਤੇ ਸਨ। ਦਿਨੋ ਦਿਨ ਹਾਲਤ ਨਿਘਰਦੀ ਚਲੀ ਜਾ ਰਹੀ ਸੀ। ਠੀਕ ਅਜਿਹੇ ਨਾਜ਼ਕ ਤੇ ਭਾਰੀ ਸੰਕਟ ਸਮੇਂ ਸ੍ਰੀਮਾਨ ਬਾਬਾ ਰਾਮ ਸਿੰਘ ਜੀ ਮੈਦਾਨ ਵਿਚ ਨਿਤਰੇ..."

ਸਿਖ ਰਾਜ ਤੋਂ ਮਗਰੋਂ ਅਤੇ ਅਕਾਲੀ ਲਹਿਰ ਤੋਂ ਪਹਿਲਾਂ ਅਰਥਾਤ ੧੮੫੦ ਤੋਂ ੧੯੨੦ ਦੇ ਵਿਚਕਾਰਲੇ ਸੱਤਰ ਵਰ੍ਹਿਆਂ ਵਿਚ ਪੰਥ ਨੇ ਜੋ ਸਭ ਤੋਂ ਵਡਾ ਮਹਾਂਪੁਰਖ ਸੂਰਬੀਰ ਅਤੇ ਆਗੂ ਪੈਦਾ ਕੀਤਾ ਹੈ ਉਹ ਬਾਬਾ ਰਾਮ ਸਿੰਘ ਜੀ ਸਨ।"

੨੨ ਮਾਘ ੧੯੯੪



Sri Satguru Jagjit Singh Ji eLibrary NamdhariElibrary@gmail.com

# ਸੁਤੰਤਰਤਾ, ਧਰਮ ਦਾ ਅੰਗ

—ਬਾਬੂ ਰਾਜਿੰਦਰ ਪ੍ਰਸ਼ਾਦ

"ਸਤਿਗੁਰੂ ਰਾਮ ਸਿੰਘ ਜੀ ਕਾ ਜਨਮ ੧੮੧੫ ਈ: ਮੇਂ ਹੂਆ ਥਾ। ਸ਼ੁਰੂ ਮੇਂ ਆਪ ਫ਼ੌਜ ਮੇਂ ਕਾਮ ਕਰਤੇ ਥੇ, ਪਰ ਆਪ ਕਾ ਮਨ ਤੋ ਭਗਵਨ ਭਗਤੀ ਮੇਂ ਥਾ ਔਰ ਜਬ ਗੁਰੂ ਬਾਲਕ ਸਿੰਘ ਕੇ ਸੰਯੋਗ ਵਸ਼ ਦਰਸ਼ਨ ਹੋ ਗਏ, ਆਪ ਨੇ ਦੀਖਸ਼ਾ ਲੇ ਲੀ, ਭਜਨ ਮੇਂ ਔਰ ਭੀ ਮਸਤ ਹੋ ਗਏ। ਕੁਛ ਦਿਨੋਂ ਬਾਅਦ ਨੌਕਰੀ ਛੋੜ ਅਪਨੇ ਘਰ ਕੇ ਸਾਧੂ ਬ੍ਰਿਧੋਂ ਕੀ ਸੇਵਾ ਮੇਂ ਲਗਾ ਕਰ, ਈਸ਼ਵਰ ਭਗਤੀ ਔਰ ਨਾਮ ਕਾ ਹੀ ਪਰਚਾਰ ਕਰਨਾ ਸ਼ੁਰੂ ਕੀਆ। ਆਪ ਨਾਮ ਪਰਚਾਰ ਕਰਤੇ ਥੇ, ਇਸ ਲੀਏ ਆਪ ਕੇ ਅਨੁਯਾਈ ਨਾਮਧਾਰੀ ਪ੍ਰਸਿਧ ਹੂਏ। ਆਵੇਸ਼ (ਸ਼ੂਰਤ) ਮੇਂ ਆ ਕਰ ਨਾਮ ਬਹੁਤ ਜ਼ੋਰ ਸੇ ਲੀਆ ਕਰਤੇ ਥੇ, ਇਸ ਲੀਏ ਜਨਤਾ ਮੇਂ ਉਨ ਕੋ ਕੂਕਾ ਨਾਮ ਸੇ ਹੀ ਲੋਗ ਕਹਿਨੇ ਲਗੇ। ਗੁਰੂ ਕੇ ਪ੍ਰਭਾਵ ਸੇ ਪ੍ਰਾਯ ਤੀਨ ਲਾਖ ਨਾਮਧਾਰੀ ਸਿਖ ਹੋ ਗਏ। ਗੁਰੂ ਰਾਮ ਸਿੰਘ ਸੁਤੰਤਰਤਾ ਕੋ ਭੀ ਧਰਮ ਕਾ ਅੰਗ ਮਾਨਤੇ ਥੇ।

ਹਮਾਰੇ ਦੇਸ਼ ਮੇਂ ਮਹਾਤਮਾ ਗਾਂਧੀ ਨੇ ਜੋ ਅਸਹਿਯੋਗ ਜਿਤਨੇ ਜ਼ੋਰ ਸੇ ਚਲਾਇਆ, ਉਸਕਾ ਗੁਰੂ ਰਾਮ ਸਿੰਘ ਨੇ ਪ੍ਰਾਯ ਪਚਾਸ ਵਰਸ਼ ਪੂਰਵ ਹੀ ਨਾਮਧਾਰੀਓਂ ਮੇਂ ਪ੍ਰਚਾਰ ਕੀਆ ਥਾ। ਉਨਕੇ ਸਿਧਾਂਤੋਂ ਮੇਂ ਪਾਂਚ ਚੀਜ਼ੇ ਹੈਂ (੧) ਸਰਕਾਰੀ ਨੌਕਰੀ ਕਾ ਬਹਿਸ਼ਕਾਰ (੨) ਸਰਕਾਰੀ ਅਦਾਲਤੋਂ ਕਾ ਬਹਿਸ਼ਕਾਰ (੩) ਸਰਕਾਰੀ ਸਕੂਲੋਂ ਕਾ ਬਹਿਸ਼ਕਾਰ (੪) ਬਦੇਸ਼ੀ ਬਸਤੋਂ ਕਾ ਬਹਿਸ਼ਕਾਰ (੫) ਐਸੇ ਕਾਨੂੰਨ ਮਾਨਨੇ ਸੇ ਇਨਕਾਰ ਜੋ ਅਪਣੀ ਆਤਮਾ ਕੇ ਵਿਰੁਧ ਹੋ।

ਗੁਰੂ ਜੀ ਤੋ ਸਦਾ ਅਹਿੰਸਾ ਪਰ ਹੀ ਜ਼ੋਰ ਦੇਤੇ ਥੇ ਪਰ ਏਕ ਅਨੁਯਾਈਓਂ ਨੇ ਇਸੇ ਪੂਰੀ ਤਰ੍ਹਾਂ ਨਹੀਂ ਸਮਝਾ ਔਰ ਏਕ ਬਾਰ ਗਊ ਕੀ ਰਖਸ਼ਾ ਕੇ ਲੀਏ ਕੁਛ ਕੇ ਨੇ ਕੁਛ ਬੁਚੜੋਂ ਕੋ ਕਤਲ ਕਰ ਡਾਲਾ ਇਸ ਪਰ ਬਹੁਤ ਲੋਗ ਪਕੜੇ ਜਾਨੇ ਲਗੇ। ਔਰ ਲੋਗੋਂ ਪਰ ਸਖਤੀ ਹੋਨੇ ਲਗੀ। ਤਬ ਗੁਰੂ ਜੀ ਨੇ ਸਿਖੋਂ ਕੋ ਬੁਲਾ ਕਰ ਕਹਾ ਕਿ ਤੁਮਨੇ ਜੋ ਹਤਿਆ ਕੀ, ਔਰ ਦੂਸਰ ਬੇਕਸੂਰ ਲੋਗੋਂ ਪਰ ਸਖਤੀ ਹੋ ਰਹੀ ਹੈ। ਤੁਮਹੇਂ ਅਪਨਾ ਕਸੂਰ ਮਾਨ ਲੇਣਾ ਚਾਹੀਏ। ਜਿਨ੍ਹੋਂ ਨੇ ਕਤਲ ਕੀਆ ਥਾ ਅਦਾਲਤ ਮੇਂ ਜਾ ਕਰ ਕਸੂਰ ਮਾਨ ਲੀਆ ਔਰ ਉਨੇ ਫਾਂਸੀ ਹੋ ਗਈ, ਜਿਸੇ ਉਨ੍ਹੋਂ ਨੇ ਹੰਸਤੇ ਹੰਸਤੇ ਸਵੀਕਾਰ ਕੀਆ।" ੧੦ ਮਾਘ ੧੯੯੨

# ਕਾਂਗਰਸ ਨੇ ਆਪ ਦਾ ਰਸਤਾ ਅਪਣਾਇਆ

—ਪੰਡਿਤ ਜਵਾਹਰ ਲਾਲ ਨਹਿਰੂ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਆਪਣੀ ਮਾਤਰ ਭੂਮੀ ਨੂੰ ਸੁਤੰਤਰਤਾ ਦਿਵਾਣ ਲਈ ਅੱਜ ਤੋਂ ਪੌਣੀ ਸਦੀ ਪਹਿਲਾਂ ਜੋ ਮਹਾਨ ਗੌਰਵਤਾਸ਼ਾਲੀ ਪਰੋਗ੍ਰਾਮ ਕੀਤਾ, ਉਸਦੀ ਮਹਾਨਤਾ ਤੋਂ ਕੋਈ ਹਿੰਦੁਸਤਾਨੀ ਵੀ ਇਨਕਾਰ ਨਹੀਂ ਕਰ ਸਕਦਾ।

ਕਾਂਗਰਸ ਨੇ ਆਪ ਦੇ ਵਿਖਾਏ ਹੋਏ ਰਸਤੇ ਨੂੰ ਅਖਤਿਆਰ ਕਰਕੇ ਸਫਲਦਾਰ ਕਾਮਯਾਬੀਆਂ ਪ੍ਰਾਪਤ ਕੀਤੀਆਂ ਹਨ ਅਤੇ ੭੫ ਸਾਲ ਦੇ ਲਗਾਤਾਰ ਯਤਨਾਂ ਕੁਰਬਾਨੀਆਂ ਦੇ ਉਪਰੰਤ ਵੀ ਉਹ ਪ੍ਰੋਗਰਾਮ ਪੂਰਾ ਨਹੀਂ ਹੋਇਆ, ਜਿਸਨੂੰ ਅਸਲੀ ਸ਼ਕਲ ਦੇਣ ਨਮਿਤ ਆਪ ਨੂੰ ਕਠਿਨ ਘਾਲਣਾ ਘਾਲਣੀ ਪਈ ਸੀ।

ਮੈਨੂੰ ਵਿਸ਼ਵਾਸ ਹੈ ਕਿ ਜੇਕਰ ਸਿੱਖ ਮਾਤ੍ਰ ਉਸ ਮਾਰਗ ਉੱਤੇ ਜੋ ਆਪ ਨੇ ਵਿਖਾਇਆ ਸੀ, ਚਲ ਪਵੇ ਤਾਂ ਹਿੰਦੁਸਤਾਨ ਦੇ ਸੁਤੰਤਰਤਾ ਯੁਧ ਵਿਚ ਬੇ-ਹੱਦ ਸਰਗਰਮੀ ਪੈਦਾ ਹੋ ਜਾਵੇ ਅਤੇ ਅਜਬ ਨਹੀਂ ਕਿ ਸਿੱਖਾਂ ਦੀ ਅਸਮਾਨੀ ਹੱਦੀ ਵੀਰਤਾ ਦਾ ਸਦਕਾ, ਇਸ ਸ਼ਾਨਦਾਰ ਰਵਾਇਤਾਂ ਵਾਲੇ ਦੇਸ਼ ਦੀਆਂ ਜ਼ੰਜੀਰਾਂ ਬਹੁਤ ਛੇਤੀ ਟੁਟ ਜਾਣ।

੨੩ ਮਾਘ ੧੯੯੪



Sri Satguru Jagjit Singh Ji eLibrary NamdhariElibrary@gmail.com

# ਨਾਮ ਦੀ ਖੁਸ਼ਬੋ

—ਡਾ: ਭਾਈ ਵੀਰ ਸਿੰਘ ਜੀ

ਸਾਨੂੰ ਭਾਈ ਇੰਦਰ ਸਿੰਘ ਜੀ ਚਕਰਵਰਤੀ ਬਹੁਤ ਦੇਰ ਤੋਂ ਸ੍ਰੀ ਬਾਬਾ ਰਾਮ ਸਿੰਘ ਜੀ ਦੇ ਰੂਹਾਨੀ ਜੀਵਨ ਬਾਬਤ ਕੁਝ ਲਿਖਣ ਲਈ ਪ੍ਰੇਰਨਾ ਕਰ ਰਹੇ ਹਨ। ਸ੍ਰੀ ਬਾਬਾ ਜੀ ਕਿਸੇ ਓਪਰੇ ਮਜ਼੍ਹਬ ਦੇ ਬਾਨੀ ਨਹੀਂ ਹੋਏ। ਉਹ ਗੁਰੂ ਸਾਹਿਬਾਂ ਦੇ ਚਲਾਏ ਹੋਏ ਮਾਰਗ ਦੇ ਚਮਕਦੇ ਸਿਤਾਰੇ ਹਨ...

...ਸ੍ਰੀ ਬਾਬਾ ਰਾਮ ਸਿੰਘ ਜੀ ਦਾ ਸੰਸਾਰ ਪੁਰ ਆਗਮਨ ਸੰਨ ੧੮੭੨ ਮਾਘ ਸੁਦੀ ੫ ਨੂੰ ਰਾਈਆਂ ਪਿੰਡ ਵਿਚ ਇਕ ਸਿੱਖ ਖਾਨਦਾਨ ਵਿਚ ਹੋਇਆ। ਬਚਪਨ ਤੋਂ ਆਪ ਦਾ ਰੁਖ ਭਲਿਆਈ ਤੇ ਧਰਮ ਵਲ ਸੀ। ਇਸ ਰੁਚੀ ਦੇ ਹੁੰਦਿਆਂ, ਚੜ੍ਹਦੀ ਜੁਆਨੀ ਵਿਚ ਆਪ ਮਹਾਰਾਜਾ ਰਣਜੀਤ ਸਿੰਘ ਦੀ ਸਿੱਖ ਸੈਨਾ ਵਿਚ ਭਰਤੀ ਹੋਏ, ਪਰ ਸੰਜੋਗ ਹੀ ਚਿਤ ਸ਼ਾਇਦ ਫ਼ੌਜ ਦਾ ਗੁਜ਼ਰ ਹਜ਼ਰੋਂ ਤੋਂ ਹੋਇਆ ਤੇ ਉਥੇ ਆਪ ਨੂੰ ਸ੍ਰੀ ਬਾਬਾ ਬਾਲਕ ਸਿੰਘ ਜੀ ਦੇ ਦਰਸ਼ਨ ਮੇਲੇ ਹੋਏ। ਬਾਬਾ ਬਾਲਕ ਸਿੰਘ ਜੀ ਗੁਰੂ ਘਰ ਦੇ ਬੜੇ ਪ੍ਰੇਮੀ ਤੇ ਨਾਮ ਦੇ ਪਕੇ ਭਗਤ ਤੇ ਪੂਰੇ ਸੰਤ ਗੁਰਮਤ ਦੇ ਧਾਰਨੀ ਪੈਰੋਕਾਰ ਤੇ ਗੁਰਮਰਯਾਦਾ ਦੇ ਆਮਿਲ ਹੋਏ ਹਨ। ਗੁਰਮਰਯਾਦਾ ਦੇ ਬਰਤਣਹਾਰ ਆਪ ਉਸ ਸਮੇਂ ਹੋਏ ਹਨ ਜਦ ਕਿ ਅਨਮਤੀ ਅਸਰ ਪੰਥ ਵਿਚ ਹਨੇਰਾ ਪਾ ਰਿਹਾ ਸੀ। ਇਨ੍ਹਾਂ ਦੇ ਸਤਿਸੰਗ ਨਾਲ ਸ੍ਰੀ ਬਾਬਾ ਜੀ ਨੇ ਨੌਕਰੀ ਛੋੜ ਕੇ ਆਪਣਾ ਜੀਵਨ ਨਿਰੋਲ ਨਾਮ ਸਿਮਰਨ ਨੂੰ ਅਰਪਨ ਕਰ ਦਿਤਾ ਔਰ ਭਜਨ ਵਿਚ ਮਗਨ ਰਹੇ। ਸਹਿਜੇ ਸਹਿਜੇ ਨਾਮ ਦੀ ਖੁਸ਼ਬੋ ਮੁਸ਼ਕੀ ਤੇ ਮੁਸ਼ਕ ਦੇ ਖਿਲਾਰ ਖਲੇਰੀ। ਫਿਰ ਭੌਰੇ ਨਹੀਂ ਆਉਣ ਦੇ ਇੰਞ ਨਾਮ ਪ੍ਰਾਪਤ ਹੋਇਆਂ ਦੀ ਸੰਪ੍ਰਦਾ ਟੁਰ ਪਈ। ਜਿਨ੍ਹਾਂ ਦਾ ਨਾਂ 'ਨਾਮਧਾਰੀਏ' ਪ੍ਰਸਿੱਧ ਹੋ ਗਿਆ। ਪਰ ਸਾੜੇ ਨਾ ਜਰ ਸਕਣ ਵਾਲੇ ਸਿੱਖ, ਕੂਕਾਂ ਮਾਰਨ ਲਗ ਪਏ, ਜਿਸ ਤੋਂ ਹਸੇ ਨਾਲ ਲੋਕੀਂ ਕੂਕੇ ਸੱਦਣ ਲੱਗ ਪਏ, ਇੰਞ ਕੂਕੇ ਪਦ ਸੰਪ੍ਰਦਾ ਦਾ ਨਾਮ ਨਹੀਂ ਹੈ। ਪ੍ਰਚਾਰ ਬਾਬਾ ਜੀ ਦੇ ਵਕਤ ਇਸ ਸੰਪ੍ਰਦਾ ਦਾ ਇਤਨਾ ਹੋਇਆ ਕਿ ਲੱਖਾਂ ਦੀ ਗਿਣਤੀ ਆਪ ਦੇ ਪੈਰੋਕਾਰਾਂ ਦੀ ਸੁਣੀਂਦੀ ਹੈ। ਸਨੇਂ ਇਕ ਵੇਰਾਂ ਜਾਂ ਐਸੇ ਸਨਣ ਨੇ ਉਨ੍ਹਾਂ ਦੇ ਸਮੇਂ ਸੱਤ ਲੱਖ ਦੱਸੀ ਸੀ, ਪਰ ਇਸ ਵਿਚ ਸ਼ੱਕ ਨਹੀਂ ਕਿ ਆਪ ਦੇ ਨਾਲ ਪੈਰੋਕਾਰਾਂ ਦੀ ਗਿਣਤੀ ਬਹੁਤ ਜ਼ਿਆਦਾ ਸੀ।

੨੯ ਮਾਘ ੧੯੯੮

# ਇਤਿਹਾਸ ਦਾ ਜਾਦੂ

—ਡਾ: ਗੰਡਾ ਸਿੰਘ

"ਜਿਥੇ ਸੰਸਾਰ ਵਿਚ ਸਿੱਖ ਇਤਿਹਾਸ ਅਦੁਤੀ ਹੈ, ਉਥੇ ਨਾਮਧਾਰੀ ਇਤਿਹਾਸ ਵੀ ਆਪਣੀ ਉਦਾਹਰਣ ਆਪ ਹੀ ਹੈ। ਜਦ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਪਿੱਛੋਂ ਸਿੱਖ ਜਥੇਬੰਦੀ ਤੇ ਧਾਰਮਕ ਜੀਵਨ ਭੀ ਅਲੋਪ ਹੋ ਗਏ ਅਤੇ ਖਾਲਸਾ ਜੀ ਦੀ ਦਸ਼ਾ ਬੜੀ ਡਾਂਵਾਂ ਡੋਲ ਹੋ ਰਹੀ ਸੀ, ਉਸ ਵੇਲੇ ਸ੍ਰੀ ਬਾਬਾ ਰਾਮ ਸਿੰਘ ਜੀ ਨੇ ਨਾਮਧਾਰੀ ਸਾਜ ਕੇ ਕੌਮ ਵਿਚ ਮੁੜ ਇਕ ਨਵੀਂ ਰੂਹ ਪੈਦਾ ਕੀਤੀ ਤੇ ਇਕ ਆਦਰਸ਼ਕ ਸੰਤ ਸਿਪਾਹੀਆਂ ਤੇ ਸ਼ਸਤ੍ਰਧਾਰ ਮਹਾਤਮਾਵਾਂ ਦਾ ਸੰਘ ਸਥਾਪਨ ਕਰਕੇ ਪੁਰਾਤਨ ਸਿੱਖਾਂ ਵਾਲਾ ਭਜਨ ਬੰਦਗੀ ਤੇ ਸੂਰਬੀਰ ਖਾਲਸਿਆਂ ਦਾ ਉਹ ਕੁਰਬਾਨੀ ਭਰਿਆ ਜੀਵਨ ਕੌਮ ਵਿਚ ਭਰਿਆ, ਜਿਸ ਨੇ ਇਕ ਵਾਰੀ ਫਿਰ ਸਤਾਰ੍ਹਵੀਂ ਸਦੀ ਦੇ ਖਾਲਸਾ ਜੀ ਦੀਆਂ ਧਰਮ ਤੇ ਕੌਮ ਹਿਤ ਕੀਤੀਆਂ ਕੁਰਬਾਨੀਆਂ ਦਾ ਜਿਉਂਦਾ ਜਾਗਦਾ ਨਕਸ਼ਾ ਫਿਰ ਵਿਖਾਇਆ। ਜਿਸ ਵੇਲੇ ਅਸੀਂ ਨਾਮਧਾਰੀ ਬੀਰਾਂ ਦੇ ਹੱਸੂ-ਹੱਸੂ ਕਰਦੇ ਦਗਦੀਆਂ ਤੋਪਾਂ ਦੇ ਸਾਹਮਣੇ:

"ਜੇ ਤਉ ਪ੍ਰੇਮ ਖੇਲਨ ਕਾ ਚਾਉ ॥
ਸਿਰ ਧਰ ਤਲੀ ਗਲੀ ਮੇਰੀ ਆਉ ॥
ਇਤ ਮਾਰਗ ਪੈਰ ਧਰੀਜੈ ॥
ਸਿਰ ਦੀਜੈ ਕਾਣ ਨਾ ਕੀਜੈ ।"

ਸ਼ਬਦ ਪੜ੍ਹਦੇ ਮੌਤ ਰਾਣੀ ਨੂੰ ਵਰਨ ਲਈ ਸ਼ਹੀਦੀ ਗਾਨੇ ਬੰਨ੍ਹਕੇ ਜਾਂਦੇ ਵੇਖਦੇ ਹਾਂ ਤੇ ਸ਼ਹੀਦੀਆਂ ਪ੍ਰਾਪਤ ਕਰਨ ਵਾਸਤੇ ਇਕ ਦੂਜੇ ਤੋਂ ਅੱਗੇ ਵਧਣ ਲਈ ਦੌੜਦੇ ਭੱਜਦੇ ਤੱਕਦੇ ਹਾਂ, ਸਾਡੇ ਅੰਦਰ ਵੀ ਧਰਮ ਤੇ ਕੌਮ ਹਿਤ ਸੇਵਾ ਅਤੇ ਕੁਰਬਾਨੀ ਲਈ ਜੋਸ਼ ਠਾਠਾਂ ਮਾਰਨ ਲੱਗ ਪੈਂਦਾ ਹੈ ਅਤੇ ਹੁੰਦੇ ਭਾਵੇਂ ਅਸੀਂ ਇਸੇ ਧਰਤੀ ਤੇ ਬੈਠੇ ਹਾਂ, ਪਰ ਜਾਪਦੇ ਅਸੀਂ ਅਕਾਸ਼ਾਂ ਵਿਚ ਉੱਡਦੇ ਹਾਂ। ਇਹ ਹੈ ਜਾਦੂ...ਇਤਿਹਾਸ ਦਾ ਜਾਦੂ...ਜੋ ਸਾਨੂੰ ਕਿਥੋਂ ਤੋਂ ਕਿਥੇ ਲੈ ਜਾਂਦਾ ਹੈ।"

੨੯ ਮਾਘ ੧੯੯੮

---

ਅਬ ਗੌਰ ਕੇ ਦੇਹੁ ਕਹੈ ਹਮ ਕਉ,
ਜੋਊ ਹਮ ਬਿਨਤੀ ਕਰ ਜੋਰ ਕਰੈਂ।
ਜਬ ਆਉ ਕੀ ਅਉਧ ਨਿਦਾਨ ਬਨੈ,
ਅਤਿ ਹੀ ਰਨ ਮੈ ਤਬ ਜੂਝ ਮਰੈਂ—ਕ੍ਰਿਸ਼ਨਾਵਤਾਰ



Sri Satguru Jagjit Singh Ji eLibrary NamdhariElibrary@gmail.com

# ਸੰਤ ਖਾਲਸਾ

—ਹਰਨਾਮ ਸਿੰਘ ਬਗਲੀ—

ਸ: ਹਰਨਾਮ ਸਿੰਘ ਮੁੱਖ ਪਿੰਡ ਬਗਲੀ ਕਲਾਂ ਜ਼ਿਲਾ ਲੁਧਿਆਣਾ ਨੇ ਪੰਜਾਬੀ ਬੈਂਤਾਂ ਵਿਚ ਨਾਮਧਾਰੀ ਇਤਿਹਾਸ ਲਿਖਿਆ ਹੈ ਉਸਦਾ ਕੁਝ ਨਮੂਨਾ ਇਥੇ ਦੇ ਰਹੇ ਹਾਂ।—ਸੰਪਾਦਕ

## ਸਤਿਗੁਰਾਂ ਦਾ ਪਹਿਲਾਂ ਉਪਦੇਸ਼

ਮਾਨਸ ਜਨਮ ਦੁਰਲਭ ਹੈ ਵਿਚ ਜੂਨੀਆਂ ਏਹ ਨਾ ਜਨਮ ਮਿਲਦਾ ਵਾਰ ਵਾਰ ਲੋਕੋ
ਮਾਨਸ ਜਨਮ ਸਰੂਪ ਏਹ ਰੱਬ ਦਾ ਹੈ ਜੂਨਾਂ ਸਾਰੀਆਂ ਵਿਚ ਸਰਦਾਰ ਲੋਕੋ
ਏਸ ਜੂਨ ਅੰਦਰ ਮਿਲਦਾ ਰੱਬ ਨੂੰ ਹੈ ਮੋਖ ਮੁਕਤ ਮਿਲਦੀ ਏਸੇ ਵਾਰ ਲੋਕੋ
ਏਸੇ ਜਨਮ ਅੰਦਰ ਭਗਤੀ ਭਜਨ ਕਰਕੇ ਬਣਦੇ ਰਾਜੇ ਰਾਣੇ ਤਾਜਦਾਰ ਲੋਕੋ
ਮੁੱਖ ਜੋਧ ਤੱਪੀ ਕਰੋ ਭਜਨ ਬਾਣੀ ਮਾਨਸ ਜਨਮ ਲਾਹਾ ਖਟੋ ਭਾਰ ਲੋਕੋ
ਲੋਭ ਮੋਹ ਤਿਆਗ ਕੇ ਠਗੀ ਚੋਰ ਯਾਰੀ ਕਾਮ ਕ੍ਰੋਧ ਤੇ ਤਜੋ ਹੰਕਾਰ ਲੋਕੋ
ਛਡੋ ਮਾਸ ਮਦਰਾ ਕਰੋ ਜੀਵ ਰਖਯਾ ਬਣੋ ਦੇਵਤੇ ਪੁਰਖ ਦਾਤਾਰ ਲੋਕੋ
ਮਾਨਸ ਜਨਮ ਬੇਅਰਥ ਨਾ ਜਾਣ ਦੇਵੋ ਸਿਖਯਾ ਲਵੋ ਸਾਡੀ ਇਤਬਾਰ ਲੋਕੋ
ਛੋਡੋ ਤਿਆਗ ਬਦੇਸ ਦੇ ਕਪੜੇ ਨੂੰ ਕਰੋ ਖਦਰਾਂ ਨਾਲ ਪਿਆਰ ਲੋਕੋ
ਮੰਤ੍ਰ ਭਜਨ ਲੈ ਕੇ ਪੀਓ ਪਾਹੁਲ ਖੰਡਾ ਪਾਓ ਗੁਰੂ ਘਰ ਦੇ ਕਲਚਾਰ ਲੋਕੋ
ਸੁਆਸ ਸੁਆਸ ਪ੍ਰਮਾਤਮਾ ਜਪੋ ਵੀਰੋ ਮਾਨਸ ਜਨਮ ਦਾ ਏਹੀ ਉਪਕਾਰ ਲੋਕੋ
ਰਸਤਾ ਇਹ ਪ੍ਰਮਾਤਮਾ ਮਿਲਣ ਦਾ ਹੈ ਛੱਡੋ ਰਾਹ ਦਿਸਾ ਭੁਲਣਹਾਰ ਲੋਕੋ
ਦੁਨੀਆ ਵਿਚ ਸਰਾਂ ਮੁਸਾਫਰਾਂ ਦੀ ਰੈਨ ਕੱਟ ਲੈਣੀ ਮਿਲਕੇ ਯਾਰ ਲੋਕੋ
ਸੁਪਨੇ ਵਾਂਗ ਏਹ ਆ ਰਹਣਾ ਜਗਤ ਉਤੇ ਮਿਥਯ ਕੂਲ ਸਾਰੇ ਕਾਰੋਬਾਰ ਲੋਕੋ
ਫਸਕੇ ਭ੍ਰਮ ਦੀ ਮਾਇਆ ਦੇ ਜਾਲ ਅੰਦਰ ਬੰਦਾ ਹੋਂਦਾ ਪਿਆ ਖਵਾਰ ਲੋਕੋ
ਝੂਠੇ ਕੂਲ ਝੇੜੇ ਧੰਦੇ ਜਗਤ ਦੇ ਨੇ ਜਰਾ ਵੇਖ ਲੋ ਅੱਖ ਉਘਾੜ ਲੋਕੋ
ਨਾ ਕੋਈ ਕਿਸੇ ਦਾ ਪੁਤ ਨਾ ਪਿਉ ਨਾਰੀ ਨਹੀਂ ਕਿਸੇ ਦਾ ਕੋਈ ਪਰਵਾਰ ਲੋਕੋ
ਭੁਲ ਜਾਵੀਂ ਕੁਲੇਖੇ ਦੇ ਵਿਚ ਦੁਨੀਆ ਜਿਸੀ ਮਤ ਹੰਕਾਰ ਨੇ ਮਾਰ ਲੋਕੋ ।
ਆਓ ਆਓ ਏਧਰ ਰਸਤੇ ਪਓ ਸਿਧੇ ਕਰੋ ਭਜਨ ਤਾਂ ਮਿਲੇ ਕਰਤਾਰ ਲੋਕੋ
ਐਵੇਂ ਨਾ ਗਵਾਓ ਮਾਨਸ ਜਨਮ ਹੀਰਾ ਕਰੋ ਯਾਦ ਨਾਮੀ ਸਿਰਜਨਹਾਰ ਲੋਕੋ
ਏਸ ਤਰ੍ਹਾਂ ਉਪਦੇਸ਼ ਦੇ ਸਤਿਗੁਰਾਂ ਨੇ ਬੰਦੇ ਤਾਰ ਦਿਤੇ ਬੇਸ਼ੁਮਾਰ ਲੋਕੋ
ਨਾਮ ਰੂਪੀ ਜਹਾਜ ਹਰਨਾਮ ਸਿੰਘਾ ਭਵਜਲ ਸਾਗਰਾਂ ਤੋਂ ਦਿੰਦਾ ਤਾਰ ਲੋਕੋ



Sri Satguru Jagjit Singh Ji eLibrary NamdhariElibrary@gmail.com

## ਨਾਮਧਾਰੀ ਪੰਥ ਦੀ ਕ੍ਰਿਆ

ਨਵੇਂ ਗੁਰਾਂ ਸਾਜੇ ਜੋੜੇ ਨਾਮਧਾਰੀ ਵਡੇ ਤੜਕਿਉਂ ਉਠ ਇਸ਼ਨਾਨ ਕਰਦੇ
ਸੁੱਚ ਸੋਧ ਰਖਦੇ ਖਾਣਪੀਣ ਸਾਰੇ ਗੁਣ ਗੁਣ ਹੀ ਭਜਨ ਭਗਵਾਨ ਕਰਦੇ
ਅਸਲੀ ਏਵਤੇ ਕਿਤੀ ਹੈ ਨਾਮਧਾਰੀ ਹਰਦਮ ਪੁਰਖ ਅਕਾਲ ਦਾ ਧਿਆਨ ਕਰਦੇ
ਨਾਮ ਜਪਣ ਦਾ ਸਦਾ ਹਰਨਾਮ ਸਿੰਘਾ, ਸਤਿਗੁਰ ਵਿਚ ਉਪਦੇਸ਼ ਜਹਾਨ ਕਰਦੇ ।

---

ਸਚੇ ਪਾਤਸ਼ਾਹ ਸਤਿਗੁਰੂ ਰਾਮ ਸਿੰਘ ਜੀ ਕਰਦੇ ਇਹ ਉਪਦੇਸ਼ ਗਿਆਨ ਸੀਗੇ
ਜ਼ਿਆਰੀ ਚੋਰੀ ਯਾਰੀ ਠਗੀ ਮਾਸ ਮਦਰਾ ਸਾਰੇ ਗੁਰਾਂ ਦੇ ਨੇਕ ਫੁਰਮਾਨ ਸੀਗੇ
ਓਹ ਲੋਕ ਜੇਹੜੇ ਖਿਲਾਫ਼ ਸਤਿਗੁਰਾਂ ਤੇ ਪਾਪੀ ਪੁਰਸ਼ ਓਹ ਠੱਗ ਸ਼ੈਤਾਨ ਸੀਗੇ
ਚਾਲ ਚਲਣ ਮੰਦੇ ਖਾਂਦੇ ਮਾਸ ਮਦਰਾ ਐਸ਼ਾਂ ਸਾਰਿਆਂ ਵਿਚ ਪ੍ਰਧਾਨ ਸੀਗੇ
ਸਿੱਖਿਆ ਜ਼ਹਿਰ ਵਰਗੀ ਲਗਦੀ ਉਨਾ ਨੂੰ ਸੀ ਐਸ਼ੀ ਸਿਖ ਜੋ ਵਿਚ ਜਹਾਨ ਸੀਗੇ
ਪੈ ਗਏ ਵੈਰ ਓਹ ਲੋਕ ਹਰਨਾਮ ਸਿੰਘਾ ਜੇਹੜੇ ਕੌਮ ਘਾਤੀ ਬੇਈਮਾਨ ਸੀਗੇ

### ਪ੍ਰਦੇਸ ਗਵਨ

ਸੱਦਣ ਲਈ ਮਹਾਰਾਜ ਨੂੰ ਲੁਧਿਹਾਣੇ ਹੁਕਮ ਭੇਜਤਾ ਤੇਜ. ਤਾਰ ਸੁਣ ਲੈ
ਅੰਤਰਜਾਮਤਾ ਸੀ ਸਾਰਾ ਸਮਝ ਜਾਣਾ ਸਤਿਗੁਰ ਪਹਿਲਾਂ ਹੀ ਜਾਣ ਨੂੰ ਤਯਾਰ ਸੁਣ ਲੈ
ਕੀਨ ਖਾਬ ਜਰੀਆ ਵਾਲੇ ਬਾਦਸ਼ਾਹੀ ਚੋਗੇ ਮਖਮਲੀ ਜਾਮੇ ਉਤਾਰ ਸੁਣ ਲੈ
ਅਸਟ ਖੰਡਵੇ ਸੀਸ ਤੇ ਜਿਸਮ ਉਤੇ ਖੁਰਲ ਕੰਬਲੀ ਦੀ ਲਈ ਮਾਰ ਸੁਣ ਲੈ
ਛੱਡ ਗੀ ਕੋਤਲ ਘੋੜੇ ਖੜੇ ਸਤਿਗੁਰ, ਗੱਡੇ ਉਤੇ ਹੀ ਗਏ ਅਸਵਾਰ ਸੁਣ ਲੈ
ਚੱਲੇ ਚੱਲੇ ਰਾਜੇ ਜੋਗੀ ਜੰਗਲਾਂ ਨੂੰ ਵੱਸਦੇ ਛਡਕੇ ਸ਼ਹਿਰ ਬਾਜ਼ਾਰ ਸੁਣ ਲੈ
ਚੱਲੇ ਵਿਛੜ ਜਦ ਸਤਿਗੁਰੂ ਸੰਗਤਾਂ ਤੋਂ ਸਿੰਘ ਰੋਣ ਲਗੇ ਭੁਬਾਂ ਮਾਰ ਸੁਣ ਲੈ
ਧਰੂ ਕੇ ਹੋਰ ਧੀਰਜ ਦਿਤੀ ਸੰਗਤਾਂ ਨੂੰ ਦੇਖੀ ਫੇਰ ਸੰਗਤ ਜਾਂਦੀ ਵਾਰ ਸੁਣ ਲੈ
ਭੈਣੀ ਸਾਹਿਬ ਆਕੇ ਫੇਰ ਮਿਲੂੰ ਧੰਨੂ ਕੀਤਾ ਸੰਗਤਾਂ ਨਾਲ ਇਕਰਾਰ ਸੁਣ ਲੈ
ਜਦ ਦੇ ਗਏ ਆਏ ਨਹੀਂ ਅੱਜ ਤੱਕੀ ਸੰਗਤ ਦਿਲੀ ਕਿਉਂ ਗੁਰਾਂ ਵਿਸਾਰ ਸੁਣ ਲੈ
ਪਹੁੰਚੇ ਜਦੋਂ ਲੁਧਿਹਾਣੇ ਸਤਿਗੁਰੂ ਜੀ, ਸਿੰਘਾਂ ਨਾਲ ਚਾਰਾਂ ਸੂਬੇਦਾਰ ਸੁਣ ਲੈ
ਓਥੇ ਦਰਕ ਬਿਠਾਲਕੇ ਰੇਲ ਅੰਦਰ ਕੀਤੇ ਮੁਲਕ ਪੰਜਾਬ ਤੋਂ ਪਾਰ ਸੁਣ ਲੈ
ਕਿਲੇ ਵਿਚ ਪ੍ਰਯਾਗ ਹਰਨਾਮ ਸਿੰਘਾ ਗੌਰਮੈਂਟ ਨੇ ਦੀਏ ਉਤਾਰ ਸੁਣ ਲੈ ।

### ਪੰਜਾਬ ਦੇ ਸੰਤਾਂ, ਮਹੰਤਾਂ, ਪੁਜਾਰੀਆਂ, ਡੇਰੇਦਾਰਾਂ, ਸਰਦਾਰਾਂ ਰਈਸਾਂ, ਰਾਜਿਆਂ ਨੇ ਗੌਰਮਿੰਟ ਨੂੰ ਲਿਖਣਾ

ਰਾਮ ਸਿੰਘ ਮਹਾਰਾਜ ਨੇ ਛੱਡ ਦਿਤੇ ਗਦਰ ਦੇਸ਼ ਅੰਦਰ ਤਰਫ ਚਾਰ ਹੋਊ
ਮਤਲਬ ਅਸਲ ਹੈ ਇਨ੍ਹਾਂ ਦਾ ਰਾਜ ਕਰਨਾ ਜੰਗ ਇਨ੍ਹਾਂ ਦਾ ਨਾਲ ਸਰਕਾਰ ਹੋਊ
ਗੌਰਮਿੰਟ ਨੂੰ ਛੱਡ ਪੰਜਾਬ ਸਾਰਾ ਰਾਮ ਸਿੰਘ ਜੀ ਦੇ ਤਾਬੇਦਾਰ ਹੋਊ
ਗੌਰਮਿੰਟ ਨੂੰ ਤਿਆਗ ਹਰਨਾਮ ਸਿੰਘਾ ਵੱਲ ਇਨ੍ਹਾਂ ਦੇ ਕੁਲ ਸੰਸਾਰ ਹੋਊ

---

ਆਏ ਖਤ ਮਤਾਸਲੇ ਰਾਜਿਆਂ ਦੇ ਮਹਾਰਾਜ ਨੂੰ ਕੁਲ ਸੁਣਾਇ ਦਿਤੇ
ਦਸਖਤ ਕਤੇ ਹੋਏ ਵਡੇ ਵਡਿਆਂ ਦੇ ਮਹਾਰਾਜ ਨੂੰ ਆਸਲ ਵਖਾਇ ਦਿਤੇ
ਉਸੀ ਰੋਜ਼ ਬਿਠਾਲ ਸਪੈਸ਼ਲਾਂ ਸੇ ਸਤਿਗੁਰ ਸਾਗਰੋਂ ਪਾਰ ਪੁਚਾਇ ਦਿਤੇ
ਦਿਤੇ ਭੇਜ ਰੰਗੂਨ ਹਰਨਾਮ ਸਿੰਘਾ ਮੰਗਲ ਸਿੰਘ ਜੀ ਛੱਡ ਛੁੜਾਇ ਦਿਤੇ



Sri Satguru Jagjit Singh Ji eLibrary NamdhariElibrary@gmail.com

# ਰਬੀ ਰੂਹ ਦੇ ਪੂਰਣੇ

—ਸ. ਸ. ਚਰਨ ਸਿੰਘ ਸ਼ਹੀਦ

ਇਸ ਵੇਲੇ ਸਾਰੇ ਹਿੰਦੁਸਤਾਨ ਤੇ ਦੁਨੀਆ ਵਿਚ ਮਹਾਤਮਾ ਗਾਂਧੀ ਜੀ ਦਾ ਸਭ ਤੋਂ ਵਧੇਰਾ ਦਰਜਾ ਹੈ ਤੇ ਉਹਨਾਂ ਦੀ ਹਸਤੀ ਵਾਕਈ ਸਤਿਕਾਰ ਯੋਗ ਹੈ ਪਰ ਜਦ ਮੈਂ ਸ੍ਰੀ ੧੦੮ ਬਾਬਾ ਰਾਮ ਸਿੰਘ ਸਾਹਿਬ ਦੇ ਪਵਿਤ੍ਰ ਜੀਵਨ ਸੰਬੰਧੀ ਕੋਈ ਲੇਖ ਲਿਖਣ ਲਈ ਖਿਆਲ ਦੁੜਾਇਆ ਤਾਂ ਇਉਂ ਜਾਪਿਆ ਕਿ ਮਹਾਤਮਾ ਗਾਂਧੀ ਅਸੂਲਾਂ ਵਲੋਂ ਇਕ ਨਾਮਧਾਰੀ ਸਿਖ ਹੀ ਹਨ ਤਾਂ ਕੋਈ ਮੁਬਾਲਗੇ ਦੀ ਗਲ ਨਹੀਂ।

ਫਿਰ ਜਦ ਅਸੀਂ ਇਹ ਵੇਖੀਏ ਕਿ ਸ੍ਰੀ ਬਾਬਾ ਰਾਮ ਸਿੰਘ ਜੀ ਇਹੋ ਅਸੂਲ ਆਪਣੇ ਸਿਖਾਂ ਨੂੰ ਅਜ ਤੋਂ ੫੦-੬੦ ਸਾਲ ਪਹਿਲਾਂ ਸਿਖਾਏ, ਜਦਕਿ ਮੁਲਕ ਵਿਚ ਕੋਈ ਰਾਜਸੀ ਲਹਿਰ ਨਹੀਂ ਸੀ, ਕੋਈ ਕਾਂਗਰਸ ਨਹੀਂ ਸੀ ਤੇ ਨਾ ਹੀ ਆਪ ਸਾਂਤਮਈ ਸਤਿਆਗ੍ਰਹੀਆਂ ਜਾਂ ਨਾ-ਮਿਲਵਰਤਣੀਆਂ ਦੀ ਹਉਮੈਂ ਢੋਲਾਫੇਰੀਆਂ ਤੇ ਲੋਕ ਵਡਿਆਈ ਦੇ ਪੱਠੇ ਪੈਂਦੇ ਸਨ ਸਗੋਂ ਆਂਢੀ ਗੁਆਂਢੀ ਆਪਣੇ ਬਿਗਾਨੇ ਸਭ ਜਾਨੀ ਦੁਸ਼ਮਣ ਸਨ। ਤਾਂ ਮੰਨਣਾ ਪੈਂਦਾ ਹੈ ਕਿ ਉਸ ਰੱਬੀ ਰੂਹ ਦੇ ਇਹ ਸਭ ਪੂਰਨੇ ਸੁਤਾਵਿਕ ਸਨ। ਕਿਤੋਂ ਨਕਲ ਕੀਤੇ ਹੋਏ ਜਾਂ ਜ਼ੋਰ ਲਾ ਕੇ ਸਿੱਖੇ ਹੋਏ ਨਹੀਂ ਸਨ। ਗਾਂਧੀ ਜੀ ਤਾਂ ਖੁਦ ਲਿਖਦੇ ਹਨ ਕਿ ਉਹਨਾਂ ਦੀ ਨਾਬਹਾ ਸਾਲ ਦੀ ਰਾਜਸੀ ਜ਼ਿੰਦਗੀ ਤੇ ਬੇਸ਼ੁਮਾਰ ਕਿਤਾਬਾਂ ਦੇ ਮੁਤਾਲਿਆ ਨੇ ਉਹਨਾਂ ਨੂੰ ਇਹ ਗਲਾਂ ਸਿਖਾਈਆਂ, ਪਰ ਬਾਬਾ ਰਾਮ ਸਿੰਘ ਜੀ ਦੇ ਭੈਣੀ ਸਾਹਿਬ ਦਾ ਇਕ ਬਾਂਗਰੀ ਤੋਂ ਸੰਧੀਆ ਭੀ ਸਾਧਾਰਨ ਤੌਰ ਤੇ ਇਹ ਜਾਣਦਾ ਸੀ ਜਦ ਅਜੇ ਗਾਂਧੀ ਜੀ ਰਾਜਸੀ ਮੈਦਾਨ ਵਿਚ ਆਏ ਵੀ ਨਹੀਂ ਸਨ ਤੇ ਨਾ ਹੀ ਗੈਰ ਮੁਲਕੀ ਰਾਜਸੀ ਲੀਡਰਾਂ ਨਾਲ ਮਿਲੇ ਜੁਲੇ ਸਨ, ਇਸ ਲਈ ਉਹਨਾਂ ਚੋ ਜੋ ਭੀ ਗੁਣ ਸਨ, ਉਹ ਉਹਨਾਂ ਦੇ ਆਪਣੇ ਤੇ ਸਿਧੇ ਰੱਬ ਵਲੋਂ ਆਏ ਹੋਏ ਸਨ। ਜੇ ਇਹਨਾਂ ਗਲਾਂ ਤੋਂ ਇਤਿਹਾਸਕਾਰ ਇਹੋ ਨਤੀਜਾ ਕਢ ਸਕਦਾ ਹੈ ਕਿ ਗਾਂਧੀ ਜੀ ਦੇ ਦਿਲ ਉਤੇ ਕਿਸੇ ਨਾ ਕਿਸੇ ਤਰ੍ਹਾਂ ਨਾਮਧਾਰੀ ਅਸੂਲਾਂ ਤੇ ਹਜ਼ੂਰ ਬਾਬਾ ਰਾਮ ਸਿੰਘ ਜੀ ਦੇ ਹੁਕਮਾਂ ਦਾ ਅਸਰ ਜ਼ਰੂਰ ਪਿਆ ਹੈ। ਯਰੋਸ਼ਲਮ ਨਾਲੋਂ ਭੈਣੀ ਸਾਹਿਬ ਜ਼ਰੂਰ ਹੀ ਮਹਾਤਮਾ ਗਾਂਧੀ ਦੇ ਨੇੜੇ ਤੇ ਆਪਣੇ ਦੇਸ਼ ਵਿਚ

ਹੈ, ਤੇ ਬਾਬਾ ਰਾਮ ਸਿੰਘ ਜੀ ਦਾ ਜ਼ਮਾਨਾ ਗਾਂਧੀ ਜੀ ਦੀ ਆਪਣੀ ਜ਼ਿੰਦਗੀ ਵਿਚ ਬੀਤਿਆ ਹੈ। ਇਸ ਲਈ ਹਜ਼ਰਤ ਈਸਾ ਨਾਲੋਂ ਬਾਬਾ ਰਾਮ ਸਿੰਘ ਜੀ ਦੀ ਤਾਲੀਮ ਦਾ ਅਸਰ ਗਾਂਧੀ ਜੀ ਉਤੇ ਵਧੇਰੇ ਹੋ ਸਕਦਾ ਸੀ ਤੇ ਹੋਇਆ ਹੈ।

—੧੮ ਮਾਘ

# ਸ਼ਰੋਮਣੀ ਮਹਾਂਪੁਰਖ

—ਮਾਸਟਰ ਤਾਰਾ ਸਿੰਘ

"ਸ੍ਰੀ ਬਾਬਾ ਜੀ ਦੀ ਪਵਿਤ੍ਰ ਜੀਵਨੀ ਪੜ੍ਹ ਕੇ ਮੈਨੂੰ ਨਿਸਚਾ ਹੋ ਗਿਆ ਹੈ ਕਿ ਸਿੱਖ ਰਾਜ ਦੇ ਅੰਤ ਪਿਛੋਂ ਸਿੱਖੀ ਦਾ ਝੰਡਾ ਉੱਚਾ ਕਰਨ ਵਾਲੇ ਮਹਾਂਪੁਰਸ਼ਾਂ ਵਿਚੋਂ ਆਪ ਸ਼ਰੋਮਣੀ ਹੋਏ ਹਨ। ਸਿੱਖਾਂ ਦੀ ਖੇਰੂੰ ਖੇਰੂੰ ਹੋਈ ਜਥੇਬੰਦੀ ਨੂੰ ਨਵੇਂ ਸਿਰੇ ਕਾਇਮ ਕਰਨ ਦਾ ਖਿਆਲ ਪਹਿਲੀ ਵਾਰ ਆਪ ਦੇ ਦਿਲ ਵਿਚ ਹੀ ਪੈਦਾ ਹੋਇਆ ਸੀ ਤੇ ਉਹ ਕਰੂਤ ਸਾਰੀਆਂ ਬੁਰਾਈਆਂ ਜੋ ਸਿੱਖਾਂ ਨੂੰ ਡੂੰਘੇ ਟੋਏ ਵਿਚ ਸੁਟਣ ਦਾ ਕਾਰਨ ਬਣੀਆਂ ਸਨ, ਉਹਨਾਂ ਨੂੰ ਦੂਰ ਕਰਨ ਦੀ ਵਿਉਂਤ ਵੀ ਆਪ ਨੇ ਸੋਚੀ ਸੀ।

ਸਭ ਤੋਂ ਪਹਿਲਾਂ ਸਿੱਖਾਂ ਨੂੰ ਭੁਲੀ ਹੋਈ ਸਿੱਖੀ ਦਾ ਚੇਤਾ ਕਰਾਇਆ ਤੇ ਨਾਮ ਬਾਣੀ ਦਾ ਲੜ ਜੋ ਉਹਨਾਂ ਹਥੋਂ ਛੁਟ ਚੁਕਾ ਸੀ, ਬੜੇ ਪਿਆਰ ਨਾਲ ਉਹਨਾਂ ਦੇ ਹੱਥ ਵਿਚ ਦਿਤਾ। ਜਿਸ ਵੇਲੇ ਸਿੱਖਾਂ ਨੂੰ ਸਿੱਖੀ ਦਾ ਰੰਗ ਚੜ੍ਹਿਆ, ਉਹਨਾਂ ਦੀ ਅਣਖ ਗੈਰਤ ਨੇ ਹੁਲਾਰਾ ਖਾਧਾ ਅਤੇ ਉਹ ਸਾਰੇ ਦੇ ਸਾਰੇ ਦੇਸ਼ ਨੂੰ ਆਜ਼ਾਦ ਕਰਨ ਦਾ ਸੁਪਨਾ ਵੇਖਣ ਲਗ ਪਏ।

ਆਪਣੇ ਪਿਆਰੇ ਦੇਸ਼ ਨੂੰ ਆਜ਼ਾਦ ਵੇਖਣ ਦੇ ਅਪਰਾਧ ਵਿਚ ਆਪ ਆਪਣੇ ਕਈ ਮਸ਼ਹੂਰ ਸੂਬਿਆਂ ਸਣੇ ਜਲਾਵਤਨ ਕਰਕੇ ਨਜ਼ਰਬੰਦ ਕਰ ਦਿਤੇ ਗਏ ਅਤੇ ਸਿੰਘ, ਜਿਨ੍ਹਾਂ ਦੀ ਆਨ ਸ਼ਾਨ ਕਾਇਮ ਰਖਣ ਲਈ ਉਹਨਾਂ ਨੇ ਇਹ ਭਾਰੀ ਕੁਰਬਾਨੀ ਕੀਤੀ ਸੀ, ਸਵਾਰਥ ਵਸ ਹੋ ਕੇ ਆਪ ਨੂੰ ਉੱਕਾ ਹੀ ਵਿਸਾਰ ਗਏ।



Sri Satguru Jagjit Singh Ji eLibrary NamdhariElibrary@gmail.com

WITH

BEST

COMPLIMENTS

FROM

ਵਧੀਆ, ਸਵਾਦਿਸ਼ਟ ਪੌਸ਼ਟਿਕ ਬਿਸਕੁਟ ਬਨਾਉਣ ਵਾਲੇ

ਅੰਬਰ ਫੂਡਜ਼

ਹੈਦਰਾਬਾਦ

# AMBER FOODS

**Amber pet HYDERABAD**

**(A.P.)**



Sri Satguru Jagjit Singh Ji eLibrary NamdhariElibrary@gmail.com

# ਕੀ ਉਹ ਭੁਲ ਜਾਣ ਵਾਲੇ ਹਨ

—ਸ਼ਹੀਦ ਭਗਤ ਸਿੰਘ—

ਕੂਕਾ ਲਹਿਰ ਦਾ ਇਤਿਹਾਸ ਹਾਲੇ ਤਕ ਲੋਕਾਂ ਸਾਹਮਣੇ ਨਹੀਂ ਆਇਆ। ਕਿਸੇ ਨੇ ਇਸ ਨੂੰ ਅਹਿਮੀਅਤ ਵਾਲਾ ਨਹੀਂ ਸਮਝਿਆ। ਅਸੀਂ ਕੂਕਿਆਂ ਨੂੰ ਦੁਲੜ ਅਤੇ ਮੂਰਖ ਕਹਿ ਕੇ ਆਪਣੇ ਫਰਜ਼ ਤੋਂ ਛੁੱਟੇ ਹੋ ਜਾਂਦੇ ਹਾਂ। ਸਵਾਰਥ ਜਾਂ ਲੋਭ ਲਈ ਉਹਨਾਂ ਆਪਣੀਆਂ ਜਾਨਾਂ ਦਿਤੀਆਂ ਹੁੰਦੀਆਂ ਤਾਂ ਅਸੀਂ ਅਣਗਹਿਲੀ ਵਿਖਾ ਸਕਦੇ ਸਾਂ, ਪਰ ਉਹਨਾਂ ਦੀ "ਮੂਰਖਤਾ" ਵਿਚ ਵੀ ਦੇਸ਼-ਪਰੇਮ ਕੁਟ ਕੁਟ ਕੇ ਭਰਿਆ ਹੋਇਆ ਸੀ। ਉਹ ਤਾਂ ਤੋਪਾਂ ਦੇ ਦਹਾਨੇ ਸਾਹਮਣੇ ਖੜ੍ਹਣ ਸਮੇਂ ਵੀ ਜੋਸ਼ ਵਿਚ ਸਨ ਤੇ ਆਨੰਦ ਨਾਲ "ਸਤਿ ਸ੍ਰੀ ਅਕਾਲ" ਦੇ ਅਕਾਸ਼ ਗੁੰਜਾਊ ਜੈਕਾਰਿਆਂ ਨਾਲ ਅਕਾਸ਼-ਪਤਾਲ ਇਕ ਕਰ ਦਿੰਦੇ ਸਨ। ਉਨ੍ਹਾਂ ਦੇ ਮੱਥਿਆਂ ਉਤੇ ਦੁੱਖ-ਫਿਕਰ ਜਾਂ ਪਛਤਾਵੇ ਦੀ ਰੇਖਾ ਵੀ ਨਹੀਂ ਦਿਸਦੀ ਸੀ। ਕੀ ਉਹ ਭੁਲ ਜਾਣ ਵਾਲੇ ਹਨ? ਉਹਨਾਂ ਦਾ ਅਪਰਾਧ ਸ਼ਾਇਦ ਅਸਫਲਤਾ ਤੋਂ ਬਿਨਾਂ ਕੁਝ ਵੀ ਨਹੀਂ ਸੀ ਪਰ ਸਕਾਟਲੈਂਡ ਦਾ ਬਹਾਦਰ ਵਿਲੀਅਮ ਵਾਲਿਸ ਵੀ ਤਾਂ ਅਸਫਲ ਹੋ ਕੇ ਮੌਤ ਦੀ ਸਜ਼ਾ ਦਾ ਭਾਗੀ ਬਣ ਗਿਆ ਸੀ। ਉਹਦੀ ਤਾਂ ਅੱਜ ਸਾਰਾ ਇੰਗਲੈਂਡ ਪੂਜਾ ਕਰਦਾ ਹੈ। ਫਿਰ ਸਾਡੇ ਅਸਫਲ ਦੇਸ਼ ਭਗਤ ਹੀ ਇਸ ਤਰ੍ਹਾਂ ਕਿਉਂ ਭੁਲਾ ਕੇ ਘੁਪ ਹਨੇਰੇ ਵਿਚ ਸੁੱਟ ਦਿਤੇ ਜਾਣ?

ਅਸੀਂ ਸਮਝਦੇ ਹਾਂ ਕਿ ਸਾਡੇ ਲਈ ਦੇਸ਼ ਵਾਸਤੇ ਨਿਸ਼ਕਾਮ ਭਾਵ ਨਾਲ ਮਰ ਮਿਟਣ ਵਾਲੇ ਲੋਕਾਂ ਨੂੰ ਭੁਲਾ ਦੇਣਾ ਬੜੀ ਵੱਡੀ ਅਹਿਸਾਨ-ਫਰਾਮੋਸ਼ੀ ਹੋਵੇਗੀ। ਅਸੀਂ ਉਹਨਾਂ ਦੀ ਯਾਦ ਵਿਚ ਕੋਈ ਵੱਡਾ ਥਮ੍ਹ ਨਹੀਂ ਖੜਾ ਕਰ ਸਕਦੇ, ਤਾਂ ਕੀ ਆਪਣੇ ਦਿਲ ਵਿਚ ਥੋੜੀ ਜਿਹੀ ਥਾਂ ਦੇਣੋਂ ਵੀ ਝਿਜਕੀਏ?......

... ... ... ...

...ਪਰ ਇਹ ਤਾਂ ਮੰਨਣਾ ਹੀ ਪਏਗਾ ਕਿ ਇਸ ਵੇਲੇ ਗੁਰੂ ਜੀ ਨੂੰ ਦੇਸ਼ ਦੀ ਪਰਾਧੀਨਤਾ ਚੰਗੀ ਤਰ੍ਹਾਂ ਰੜਕੀ। ਉਹ ਸਮਝ ਗਏ ਸਨ ਕਿ ਗੁਲਾਮੀ ਦੇ ਨਾਲ ਦੇਸ਼ ਦੀ ਆਤਮਾ ਵੀ ਮਰਦੀ ਜਾ ਰਹੀ ਹੈ। ਲੋਕ ਸਵਾਧੀਨਤਾ ਦਾ ਵਿਚਾਰ ਤਕ ਛਡ ਬੈਠੇ ਸਨ। ਅਜੇ ਕਲ ਦੀ ਗੱਲ ਹੈ ਸੀ ਜਦ ਉਨ੍ਹਾਂ ਗਦਰ ਅਤੇ ਉਹਦੀ ਅਸਫਲਤਾ ਦੇ ਬਾਅਦ ਅਕਹਿ ਜ਼ੁਲਮ ਵੇਖੇ ਸੁਣੇ ਸਨ। ਫਿਰ ਤੋਂ ਵੀ ਉਹਨਾਂ ਨੂੰ ਜ਼ਰੂਰ ਠੇਸ ਲੱਗੀ ਹੋਵੇਗੀ। ਜੋ ਵੀ ਹੋਵੇ, ਉਨ੍ਹਾਂ ਵਿਦੇਸ਼ੀ ਹਕੂਮਤ ਦਾ ਖੋਖਲਾਪਨ ਖੂਬ ਚੰਗੀ ਤਰ੍ਹਾਂ ਵੇਖ ਕੇ, ਇਕ ਪਰੋਗਰਾਮ ਬਣਾ ਕੇ ਕੰਮ ਆਰੰਭ ਦਿਤਾ। ਹੁਣ ਤਕ ਸਿਰਫ 'ਉਪਦੇਸ਼' ਹੀ ਹੁੰਦਾ ਸੀ, ਪਰ ਹੁਣ ਦੀਖਿਆ ਅਤੇ ਸੰਗਠਨ ਵੀ ਸ਼ੁਰੂ ਹੋ ਗਿਆ।

ਉਨ੍ਹਾਂ ਉਸ ਵੇਲੇ ਉਹੀ ਨਾ-ਮਿਲਵਰਤਣ ਦਾ ਪ੍ਰਚਾਰ ਸ਼ੁਰੂ ਕੀਤਾ, ਜੋ ੧੯੨੦ ਵਿਚ ਮਹਾਤਮਾ ਗਾਂਧੀ ਨੇ ਕੀਤਾ ਸੀ। ਉਨ੍ਹਾਂ ਦੀ ਨਾ ਮਿਲਵਰਤਣ ਮਹਾਤਮਾ ਦੀ ਨਾ ਮਿਲਵਰਤਣ ਤੋਂ ਵੀ ਕਈ ਗਲਾਂ ਵਿਚ ਵਧ ਕੇ ਸੀ। ਅਦਾਲਤਾਂ ਦਾ ਬਾਈਕਾਟ, ਆਪਣੀਆਂ ਪੰਚਾਇਤਾਂ ਦੀ ਕਾਇਮੀ, ਸਰਕਾਰੀ ਤਾਲੀਮ ਦਾ ਬਾਈਕਾਟ, ਬਦੇਸ਼ੀ ਸਰਕਾਰ ਦੇ ਪੂਰੇ ਬਾਈਕਾਟ ਨਾਲ ਰੇਲ, ਤਾਰ ਅਤੇ ਡਾਕ ਦੇ ਬਾਈਕਾਟ ਦਾ ਵੀ ਪਰਚਾਰ ਕੀਤਾ। ਉਸ ਵੇਲੇ ਦੇਸ਼ ਇੰਨਾ ਸਾਹ-ਸੱਤ ਹੀਣ ਹੋ ਕੇ ਉਨ੍ਹਾਂ ਚੀਜ਼ਾਂ ਉਤੇ ਇੰਨਾ ਨਿਰਭਰ ਹੋ ਗਿਆ ਸੀ ਕਿ ਉਨ੍ਹਾਂ ਦੇ ਬਾਈਕਾਟ ਦੀ ਗਲ ਸੋਚੀ ਵੀ ਨਹੀਂ ਸੀ ਜਾ ਸਕਦੀ। ਇਸ ਤਰ੍ਹਾਂ ਉਨ੍ਹਾਂ ਡਾਕ ਦਾ ਪਰਬੰਧ ਆਪਣਾ ਇੰਨਾ ਚੰਗਾ ਕਰ ਲਿਆ ਸੀ ਕਿ ਭਾਈ ਪਰਮਾਨੰਦ ਦੇ ਲੇਖ ਅਨੁਸਾਰ ਉਨ੍ਹਾਂ ਦੀ ਡਾਕ ਸਰਕਾਰੀ ਡਾਕ ਨਾਲੋਂ ਵੀ ਸ਼ਤਾਬੀ ਪਹੁੰਚਦੀ ਸੀ। ਇਨ੍ਹਾਂ ਗੱਲਾਂ ਦੇ ਨਾਲ ਸਾਦਾ ਪਹਿਰਾਵੇ ਅਤੇ ਸਵਦੇਸ਼ੀ ਪੁਸ਼ਾਕ ਪਹਿਨਣ ਦਾ ਜ਼ੋਰ ਨਾਲ ਉਪਦੇਸ਼ ਹੁੰਦਾ ਸੀ। ਪਰਚਾਰ ਦਾ ਕੰਮ ਇੰਨੀ ਦੇਰ ਨਾ ਹੋ ਸਕਿਆ ਤੇ ਸਰਕਾਰ ਇਸ ਉਤੇ ਕਰੜੀ ਨਜ਼ਰ ਰਖਣ ਲਗੀ। ਉਸ ਨੂੰ ਇਸ ਪ੍ਰਚੰਡ ਅੰਦੋਲਨ ਨੂੰ ਨੱਪ ਦੇਣ ਦੀ ਚਿੰਤਾ ਹੋ ਗਈ।......

ਗੁਰੂ ਰਾਮ ਸਿੰਘ ਬੜੇ ਪਰਤਾਪੀ ਅਤੇ ਪਰਭਾਵਸ਼ਾਲੀ ਵਿਅਕਤੀ ਸਨ। ਉਹਨਾਂ ਦੇ ਅਸਾਧਾਰਨ ਆਤਮ ਬਲ ਬਾਰੇ ਬਹੁਤ ਸਾਰੀਆਂ ਗੱਲਾਂ ਪ੍ਰਸਿਧ ਹਨ। ਕਹਿੰਦੇ ਹਨ ਕਿ ਉਹ ਜਿਸ ਦੇ ਕੰਨ ਵਿਚ ਸਿਖਿਆ ਦਾ ਮੰਤਰ ਪੜ੍ਹ ਦਿੰਦੇ ਸਨ, ਉਹੀ ਉਹਨਾਂ ਦਾ ਪੱਕਾ ਭਗਤ ਤੇ ਚੇਲਾ ਹੋ ਜਾਂਦਾ ਸੀ। ਜਦ ਇਹ ਗੱਲ ਪ੍ਰਸਿਧ ਹੋਈ ਤਾਂ ਦੋ ਬਦਮਾਸ਼, ਅੰਗਰੇਜ਼ਾਂ ਵਲੋਂ ਉਹਨਾਂ ਦੀ ਸ਼ਕਤੀ ਦੀ ਪ੍ਰੀਖਿਆ ਲੈਣ ਗਏ। ਉਹਨਾਂ ਕਿਹਾ ਸੀ, "ਵੇਖਾਂਗੇ ਸਾਡੇ ਉਤੇ ਕੀ ਅਸਰ ਪੈਂਦਾ ਹੈ?" ਪਰ ਸਿਖਿਆ ਬਾਅਦ ਉਹ ਉਹਨਾਂ ਦੇ ਕਟੜ ਭਗਤ ਬਣ ਗਏ ਅਤੇ ਇੰਜ ਉਹਨਾਂ ਦੇ ਖਪਤੀ ਦੋਸ਼ ਵੀ ਦੂਰ ਹੋ ਗਏ। ਇਸ ਤਰ੍ਹਾਂ ਡਾਕਟਰ ਗੋਕਲ ਚੰਦ ਇਕ ਲੇਖ ਵਿਚ ਲਿਖਦੇ ਹਨ ਕਿ ਉਹਨਾਂ ਦੀ ਦਾਦੀ ਦਾ ਭਰਾ ਇਕ ਸਾਡੇ ਬਾਲ-



Sri Satguru Jagjit Singh Ji eLibrary NamdhariElibrary@gmail.com

ਚਲਨ ਦਾ ਬੰਦਾ ਸੀ ਅਤੇ ਉਸ ਨੂੰ ਚੋਂਰਾ ਪੀਣ ਦੀ ਆਦਤ ਸੀ। ਸਿਰਫ ਇਕ ਵਾਰ ਹੀ ਗੁਰੂ ਜੀ ਦੇ ਦਰਸ਼ਨਾਂ ਨੇ ਉਨ੍ਹਾਂ ਦਾ ਜੀਵਨ ਇਕ ਦਮ ਬਦਲ ਦਿਤਾ। ਇਸੇ ਤਰ੍ਹਾਂ ਇਕ ਹੋਰ ਆਦਮੀ ਜਿਸ ਨੇ ਕਿ ਕੋਈ ਕਤਲ ਕੀਤਾ ਸੀ, ਗੁਰੂ ਜੀ ਤੋਂ ਸੁਧਰਿਆ ਫਿਰ ਉਹਨੇ ਆਪਣੇ ਆਪ ਨੂੰ ਕਚਹਿਰੀ ਵਿਚ ਪੇਸ਼ ਕਰ ਦਿਤਾ ਅਤੇ ਆਪਣਾ ਜੁਰਮ ਮੰਨ ਲਿਆ। ਜਦ ਜੱਜ ਨੇ ਹੈਰਾਨਗੀ ਨਾਲ ਪੁਛਿਆ, "ਤੇਨੂੰ ਤਾਂ ਕੋਈ ਜਾਣਦਾ ਤਕ ਵੀ ਨਹੀਂ ਸੀ ਅਤੇ ਕਤਲ ਬਾਰੇ ਤੇਰੇ ਤੇ ਕੋਈ ਸ਼ੱਕ ਵੀ ਨਹੀਂ ਸੀ, ਫਿਰ ਤੂੰ ਅਚਾਨਕ ਜੁਰਮ ਮੰਨ ਕੇ ਮੌਤ ਨੂੰ ਸੱਦਾ ਕਿਉਂ ਦਿਤਾ? ਤਾਂ ਉਹਨੇ ਕਿਹਾ, "ਮੇਰੇ ਗੁਰੂ ਜੀ ਦੀ ਇਹੀ ਆਗਿਆ ਹੈ"।

ਸਰਕਾਰ ਨੇ ਵੀ ਪਰਖਣਾ ਚਾਹਿਆ। ਇਕ ਸਬ-ਇਨਸਪੈਕਟਰ ਭੇਜਿਆ। ਉਹ ਵੀ ਬੜਾ ਖੁਸ਼ ਸੀ। ਉਸ ਨੂੰ ਆਸ ਸੀ ਕਿ ਸਾਰੇ ਭੇਦ ਖੋਲ ਕੇ ਕੁਝ ਇਨਾਮ ਲਵੇਗਾ। ਗੁਰੂ ਜੀ ਦੇ ਦਰਸ਼ਨ ਕੀਤੇ ਅਤੇ ਵਾਪਸ ਆ ਗਿਆ। ਆਉਂਦਿਆਂ ਹੀ ਅਸਤੀਫਾ ਦੇ ਦਿਤਾ। ਅਫਸਰਾਂ ਨੇ ਪੁਛਿਆ ਅਸਤੀਫਾ ਕਿਉਂ ਦਿੰਦਾ ਏਂ? ਉਤਰ ਦਿਤਾ, "ਗੁਰੂ ਜੀ ਦਾ ਇਹੋ ਹੁਕਮ ਹੈ। ਉਹ ਕਹਿੰਦੇ ਹਨ ਕਿ ਬਦੇਸ਼ੀ ਹਾਕਮਾਂ ਦੀ ਨੌਕਰੀ ਬਿਲਕੁਲ ਨਾ ਕਰੋ।"......

(ਇਕ ਭੁੱਲੇ ਲੇਖ ਵਿਚੋਂ......)

## "ਫਾਦਰ ਆਫ਼ ਦੀ ਨੇਸ਼ਨ

...ਭਾਰਤ ਦੀ ਆਜ਼ਾਦੀ ਦੇ ਸੰਗਰਾਮ ਦੀ ਸਾਰੇ ਸੰਸਾਰ ਵਿਚ ਸਰਕਾਰੀ ਪਧਰ ਤੇ ਜੋ ਪਬਲਿਸਟੀ ਵੀ ਕੀਤੀ ਜਾਵੇ, ਉਸ ਵਿਚ ਇਹ ਠੀਕ ਦਸਾ ਕੇ ਦਸਿਆ ਜਾਵੇ ਕਿ ਦੇਸ਼ ਦੀ ਆਜ਼ਾਦੀ ਦੀ ਬੁਨਿਆਦ ਰੱਖਣ ਵਾਲੇ ਬਾਬਾ ਰਾਮ ਸਿੰਘ ਜੀ ਸਨ। ਜਿਨ੍ਹਾਂ ਕਾਂਗਰਸ ਦੇ ਜਨਮ ਤੋਂ ਵੀ ਬਹੁਤ ਪਹਿਲਾ ਜਾਬਰ ਅੰਗਰੇਜ਼ ਸਰਕਾਰ ਨਾਲ ਲੋਹਾ ਲਿਆ। ਸ਼ਾਂਤਮਈ ਦੀ ਸ਼ਾਨਦਾਰ ਜੰਗ ਲੜੀ। ਅੰਗਰੇਜ਼ ਵਿਰੁਧ ਨਾ-ਮਿਲਵਰਤਣ ਦੀ ਲਹਿਰ ਚਲਾਈ। ਸਰਕਾਰੀ ਡਾਕਖਾਨਿਆਂ ਦਾ, ਰੇਲਾਂ ਦਾ ਅਤੇ ਹੋਰ ਸਰਕਾਰੀ ਦਫਤਰਾਂ ਦਾ ਬਾਈਕਾਟ ਕੀਤਾ। ਸੁਦੇਸ਼ੀ ਲਹਿਰ ਦੇ ਵੀ ਬਾਨੀ ਬਾਬਾ ਰਾਮ ਸਿੰਘ ਜੀ ਹੀ ਸਨ ਅਤੇ ਜੋ ਜਲਾਵਤਨ ਕੀਤੇ ਗਏ ਅਤੇ ਪਹਿਲੇ ਸਿਆਸੀ ਆਗੂ ਸਨ।......ਜੇ ਸਾਡੇ ਦੇਸ਼ ਵਿਚ ਤੰਗ-ਨਜ਼ਰੀਆ ਨਾ ਹੁੰਦਾ ਅੱਜ ਆਪ ਫਾਦਰ ਆਫ਼ ਦੀ ਨੇਸ਼ਨ ਕਰਕੇ ਪੂਜੇ ਜਾਂਦੇ।

'ਗੁਰਦਵਾਰਾ ਗਜ਼ਟ'

ਜੂਨ ੧੯੭੨

## ਕੂਕਾ ਪਸਟਲ ਸਰਵਿਸ
## (ਕੂਕਿਆਂ ਦਾ ਡਾਕ ਪ੍ਰਬੰਧ)

ਮੇਜਰ ਪਰਕਿਨਜ਼

ਡਿਪਟੀ ਕਮਿਸ਼ਨਰ ਅੰਮ੍ਰਿਤਸਰ

ਕੂਕਿਆਂ ਜਾਂ ਸੰਤ ਖਾਲਸਿਆਂ ਦਾ ਆਪਸ ਦੀ ਡਾਕ ਦਾ ਆਪਣਾ ਹੀ ਨਿਜੀ ਪ੍ਰਬੰਧ ਹੈ, ਜੋ ਬਹੁਤ ਹੀ ਸਲਾਘਾ ਯੋਗ ਯੁਗਤੀ ਨਾਲ ਸੰਗਠਤ ਕੀਤਾ ਹੋਇਆ ਹੈ। ਖੁਫੀਆ ਹੁਕਮ ਜਾਂ ਹਦਾਇਤਾਂ ਉਸੇ ਤਰ੍ਹਾਂ ਚੁਫੇਰੇ ਭੇਜੀਆਂ ਜਾਂਦੀਆਂ ਹਨ, ਜਿਸ ਤਰ੍ਹਾਂ ਪੁਰਾਣੇ ਸਮਿਆਂ ਵਿਚ ਸਕਾਟਲੈਂਡ ਦੇ ਲੋਕੀ ਕੀਤਾ ਕਰਦੇ ਸਨ। ਇਕ ਪਿੰਡ ਵਾਲਾ ਕੂਕਾ ਦੂਸਰੇ ਕੂਕੇ ਦੇ ਸੰਦੇਸ਼ ਜਾਂ ਚਿਠੀ ਉਸ ਪਿੰਡ ਵਿਚ ਲਿਆਉਂਦੇ ਸਾਰ ਹੀ, ਇਕ ਦਮ ਸਭ ਕੰਮਕਾਰ ਛੱਡ ਕੇ ਦੂਸਰੇ ਨੀਯਤ ਹਰਕਾਰੇ ਵਲ ਜਾਂ ਆਪ ਹੀ ਦੂਸਰੀ ਮੰਜ਼ਲ ਵਲ ਨੂੰ ਦੌੜ ਪੈਂਦਾ ਹੈ। ਸਾਰੇ ਕੰਮ ਵਿਚਕਾਰ ਹੀ ਛੱਡ ਦਿੰਦਾ ਹੈ। ਜੇ ਰੋਟੀ ਖਾਂਦਾ ਹੋਵੇ, ਤਦ ਦੂਜੀ ਬੁਰਕੀ ਨਹੀਂ ਪਾਂਦਾ। ਨਾ ਹੀ ਪਹਿਲੇ ਹਰਕਾਰੇ ਤੋਂ ਕੋਈ ਸਵਾਲ ਪੁਛਦਾ ਹੈ। ਜ਼ਰੂਰੀ ਗਲਾਂ ਕਾਗਜ਼ ਤੇ ਲਿਖਕੇ, ਚਿੱਠੀ ਦੀ ਸ਼ਕਲ ਵਿਚ ਨਹੀਂ ਸਗੋਂ ਸੰਦੇਸ਼ੇ ਰਾਹੀਂ ਜ਼ਬਾਨੀ ਭੇਜੀਆਂ ਜਾਂਦੀਆਂ ਹਨ। ਇਨ੍ਹਾਂ ਚਿੱਠੀਆਂ ਪੱਤਰਾਂ ਨੂੰ ਲਿਆਵਣ ਅਤੇ ਲੈਜਾਵਣ ਲਈ ਕੂਕੇ ਜਰਨੈਲੀ ਸੜਕ ਜਾਂ ਆਮ ਰਸਤੇ ਨਹੀਂ ਵਰਤਦੇ ਸਗੋਂ ਆਪਣੇ ਹੀ ਮਿਥੇ ਹੋਏ ਰਾਹੀਂ ਜਾਂਦੇ ਹਨ।"

---

## ਸਿੰਘ ਨਾਦ

ਸ੍ਰੀ ਸਾਹਿਬ ਜੀ ਮਹਾਰਾਜ

ਅਚਾਰੀਯ ਰਾਧਾ ਸੁਆਮੀ ਮਤ

ਦਿਆਲ ਬਾਗ ਆਗਰਾ

"ਖਾਲਸਾ ਸੰਗਤ ਮੇਂ ਅੰਤਲੀ ਪ੍ਰਣਾਲੀ ਧੀਰੇ ਧੀਰੇ ਬਹੁਤ ਕਮ ਹੋ ਗਈ। ਔਰ ਲੋਗ ਸਾਧਾਰਨ ਰੂਪ ਮੇਂ ਪਾਠ ਪਾਠ ਮੇਂ ਉਲਝ ਕਰ ਸੂਰੀ ਮਾਰਗ ਸੇ ਦੂਰ ਜਾਨੇ ਲਗੇ, ਪ੍ਰੰਤੂ ਸੱਚੇ ਕੁਲ ਮਾਲਕ ਕੀ ਇਸ ਸੰਗਤ ਪਰ ਅਪਾਰ ਕ੍ਰਿਪਾ ਹੁਈ ਕਿ ਥੋੜੇ ਹੀ ਸਮੇਂ ਬਾਅਦ ਇਸ ਮੇਂ ਏਕ ਮਹਾਨ ਪੁਰਸ਼ ਪ੍ਰਗਟ ਹੂਆ ਜਿਸਨੇ ਆਪਣੇ ਸਿੰਘ ਨਾਦ ਦੁਆਰਾ ਸੰਸਾਰ ਭਰ ਮੇਂ ਸਤਿਗੁਰੂਓਂ ਕੇ ਵਾਸਤਵਿਕ ਉਪਦੇਸ਼ ਕੀ ਓਰ ਆਕ੍ਰਸ਼ਕ ਕੀਆ। ਇਸ ਮਹਾਨ ਪੁਰਸ਼ ਕਾ ਨਾਮ ਸਤਿਗੁਰੂ ਰਾਮ ਸਿੰਘ ਹੈ। ਇਸ ਸਮਯ ਲਾਖੋਂ ਸਿਖ ਆਪ ਕੇ ਅਨੁਯਾਈ ਹੈਂ।

੮ ਮਾਘ ੧੯੮੦



Sri Satguru Jagjit Singh Ji eLibrary NamdhariElibrary@gmail.com

## ਸਤਿਜੁਗ ਆ ਗਿਓ

ਪਾਇ ਇਹ ਹੁਕਮ ਪ੍ਰਭੂ ਕਾ ਵਿਸੇਸ ਫਿਰ
ਰਾਮ ਮ੍ਰਿਗੇਸ਼ ਉਪਦੇਸ਼ ਦੇਨ ਲਾਗਿਓ
ਹੁੱਕੇ ਛੁਡਵਾਏ ਰਖਵਾਏ ਕੇਸ ਮੋਨਿਓਂ ਕੇ
ਸੁਧਾ ਛਕ ਸ਼ਾਏ ਸਿਖ ਭਾਗ ਜਿਨ ਜਾਗਿਓ
ਫੈਲਿਓ ਜੱਸ ਭਾਰੀ ਸਿਖ ਥੀਏ ਤਾਹ ਕੇ ਅਪਾਰੀ
ਸਿੰਘ ਪੰਥ ਬਿਰਧਾਨੋ ਨਾਮ ਰਸ ਪਾਗਿਓ।
ਫੀਮ ਭੰਗ ਪੋਸਤ ਸ਼ਰਾਬ ਮਾਸ ਚੋਰੀ ਯਾਰੀ
ਠਗੀ ਤਜ ਥੀਏ ਸੰਤ, ਸਤਿਜੁਗ ਆ ਗਿਓ

—ਗਿ: ਗਿਆਨ ਸਿੰਘ

## ਭਜਨ ਬੰਦਗੀ

ਖੇਤੀ ਕਰਨ ਸਮੇਂ ਆਪ ਨੇ ਭਜਨ ਬੰਦਗੀ ਵਲ ਵੀ ਬਹੁਤ ਧਿਆਨ ਦਿੱਤਾ। ਹੱਥ ਕਾਰ ਵਲ ਦਿਲ ਯਾਰ ਵਲ ਵਾਲੀ ਅਖਾਣ ਸੱਚ ਕਰ ਵਿਖਾਈ। ਖੇਤੀ ਦੇ ਕੰਮ ਤੋਂ ਵਿਹਲੇ ਹੋ ਕੇ ਬਾਕੀ ਦੇ ਸਮੇਂ ਭਜਨ ਕਰਨਾ। ਨੀਂਦ ਬਹੁਤ ਥੋੜ੍ਹੀ ਕਰ ਦਿਤੀ ਅਤੇ ਇਸ ਤੇ ਕਾਬੂ ਪਾ ਲਿਆ। ਕਿਸੇ ਦੀ ਪੈਲੀ ਦਾ ਇਕ ਸਿੱਟਾ, ਜਾਂ ਇਕ ਪੱਤਾ ਭੀ ਆਪਣੇ ਘਰ ਨਹੀਂ ਆਉਣ ਦਿੰਦੇ ਸਨ। ਇਕ ਦਿਨ ਆਪ ਦੀ ਬੀਬੀ ਚਤੂਰ ਸਿੰਘ ਦੇ ਖੇਤ ਵਿਚੋਂ ਸਾਗ ਤੋੜ ਲਿਆਈ ਉਹ ਮੁੜਵਾ ਦਿਤਾ। ਭਾਈ ਦਾ ਪੁਤ ਭਰਾ ਕਿਸੇ ਦੇ ਖੇਤ ਵਿਚੋਂ ਸਿਟੇ ਤੜ ਲਿਆਇਆ। ਉਸੀ ਵਕਤ ਸਿਟੇ ਮੁੜਵਾ ਦਿਤੇ।

ਨਾਮਧਾਰੀ ਇਤਿਹਾਸ ਸ: ਨਾਹਰ ਸਿੰਘ

... ... ... ... ...

ਗੁਰਪੁਰ ਵਾਸੀ ਭਾਈ ਸਾਹਿਬ ਭਾਈ ਤਖਤ ਸਿੰਘ ਜੋ ਸਿਖ ਕੰਨਿਆ ਮਹਾਂ ਵਿਦਿਆਲਾ ਫੀਰੋਜ਼ਪੁਰ ਵਾਲਿਆਂ ਨੇ ਲੇਖਕ ਨੂੰ ਦਸਿਆ ਸੀ ਕਿ ਫੀਰੋਜ਼ਪੁਰ ਰਹਿਣ ਸਮੇਂ ਭਜਨ ਬੰਦਗੀ ਕਰਨ ਸਬੰਧੀ ਗੁਰੂ ਰਾਮ ਸਿੰਘ ਜੀ ਦੇ ਮੁਤਅਲਕ ਲੋਕ ਬਹੁਤ ਸਾਖੀਆਂ ਨਾਲਾਂ ਮਸ਼ਹੂਰ ਹਨ। ਇਕ ਇਉਂ ਹੈ।

"ਆਪ ਅੱਧੀ ਰਾਤ ਟੁੱਟਦੀ ਸਾਰ ਆਪਣੇ ਡੇਰੇ ਕਿਲੇ ਦੇ ਪਾਸ ਦਰਿਆ ਤੇ ਜਾ ਕੇ ਇਸ਼ਨਾਨ ਕਰਦੇ ਅਤੇ ਭਜਨ ਬੰਦਗੀ ਕਰਨ ਲਗ ਜਾਂਦੇ। ਦੇਖਣ ਵਾਲੇ ਦਸਿਆ ਕਰਦੇ ਸਨ ਕਿ ਬੰਦਗੀ ਕਰਨ ਸਮੇਂ ਬੈਠਿਆਂ ਆਪ ਜੀ ਦੇ ਸੀਸ ਦੇ ਇਰਦ ਗਿਰਦ ਅੱਗ ਜਾਂ ਚਾਨਣ ਦੇ ਚੱਕਰ ਘੁੰਮਦੇ ਦਿਖਾਈ ਦਿੱਤਾ ਕਰਦੇ ਸਨ।"

ਆਪ ਜੀ ਦੀ ਸੀਸ ਅਤੇ ਪ੍ਰੇਰਨਾ ਨਾਲ ਬਹੁਤ ਸਾਰੇ ਸਿੰਘਾਂ ਨੇ ਭਜਨ ਬੰਦਗੀ ਕਰਨੀ ਸ਼ੁਰੂ ਕੀਤੀ।

ਨਾਮਧਾਰੀ ਇਤਿਹਾਸ
ਸ: ਨਾਹਰ ਸਿੰਘ

## ਮਹਾਨ ਕੁਰਬਾਨੀਆਂ

—ਨੇਤਾ ਜੀ ਸੁਭਾਸ਼ ਚੰਦਰ ਬੋਸ

"ਗੁਰੂ ਰਾਮ ਸਿੰਘ ਜੀ ਦੇ ਝੁਲਾਏ ਹੋਏ ਆਜ਼ਾਦੀ ਦੇ ਝੰਡੇ ਹੇਠਾਂ ਨਾਮਧਾਰੀਆਂ ਨੇ ਜੋ ਮਹਾਨ ਕੁਰਬਾਨੀਆਂ ਕੀਤੀਆਂ ਹਨ ਉਨ੍ਹਾਂ ਤੇ ਦੇਸ਼ ਸਦਾ ਮਾਣ ਕਰੇਗਾ। ਹੁਣ ਫਿਰ ਭਾਰਤੀਆਂ ਦੇ ਦੇਸ਼ ਪ੍ਰੇਮ ਦੀ ਪਰਖ ਹੋਣ ਵਾਲੀ ਹੈ। ਪੌਣੀ ਸਦੀ ਤੋਂ ਅਹਿੰਸਾਤਮਕ ਨਾਮਿਲਵਰਤਣ ਅੰਦੋਲਨ ਦਾ ਅਨੁਭਵ ਰਖਣ ਵਾਲੇ ਨਾਮਧਾਰੀ ਵੀਰਾਂ ਤੋਂ ਇਹੋ ਆਸ ਹੈ ਕਿ ਉਹ ਸੁਤੰਤਰਤਾ ਦਾ ਝੰਡਾ ਫੜ ਕੇ ਅਗਿਉਂ ਅਗੇਰੇ ਵਧਦੇ ਦਿਖਾਈ ਦਿੰਦੇ ਰਹਿਣਗੇ ਤੇ ਦੂਜੇ ਦੇਸ਼ ਵਾਸੀਆਂ ਨੂੰ ਵੀ ਕੁਰਬਾਨੀ ਲਈ ਉਤਸ਼ਾਹਿਤ ਕਰਦੇ ਰਹਿਣਗੇ। ਗੁਰੂ ਰਾਮ ਸਿੰਘ ਜੀ ਭਾਰਤ ਵਿਚ ਅਹਿੰਸਾਤਮਕ ਅਸਹਿਯੋਗ ਦੇ ਸਭ ਤੋਂ ਪਹਿਲੇ ਨੇਤਾ ਸਨ।"

### ਆਜ਼ਾਦੀ ਤੇ ਸਾਦਗੀ ਦੇ ਪਰਵਰਤਕ

—ਪੰਡਤ ਬਸੰਤ ਸਿੰਘ ਵੈਦ
ਨਿਰਮਲ ਪੰਥ ਭੂਸ਼ਨ

"ਪੂਜਯ ਬਾਬਾ ਜੀ ਆਪਣੇ ਸਮੇਂ ਦੇ ਸੱਚੇ ਤੇ ਉੱਚੇ ਮਹਾਂਪੁਰਸ਼ ਸਨ, ਮਗਰ ਦੁਨੀਆਂ ਉਹਨਾਂ ਨੂੰ ਸਮਝ ਨਹੀਂ ਸਕੀ। ਉਹਨਾਂ ਨੇ ਲੋਕਾਂ ਨੂੰ ਸਾਦਗੀ ਸਿਖਾਈ ਅਤੇ ਆਜ਼ਾਦੀ ਦਾ ਬਿਗਲ ਵਜਾਇਆ ਜੋ ਕਿ ਬੁਜ਼ਦਿਲੀ ਅਤੇ ਖ਼ੁਦਗਰਜ਼ੀ ਕਾਰਨ ਉਸ ਵਕਤ ਸਾਰੀ ਦੁਨੀਆਂ ਤਕ ਨਾ ਪਹੁੰਚ ਸਕਿਆ। ਇਸ ਗਲੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਆਜ਼ਾਦੀ ਅਤੇ ਸਾਦਗੀ ਦੇ ਮੂਲ ਪਰਵਰਤਕ ਸ੍ਰੀ ਰਾਮ ਸਿੰਘ ਮਹਾਰਾਜ ਹੀ ਸਨ।



Sri Satguru Jagjit Singh Ji eLibrary NamdhariElibrary@gmail.com

# "ਹਵਾ ਮੇਰੇ ਸ਼ਹਿਰ ਦੀ"

—ਤਰਲੋਕ ਮਨਸੂਰ

ਜੂਨ ਉਣੀ ਸੌ ਚੁਰਾਸੀ, ਛੇਵੀਂ ਤਾਰੀਖ, ਮੈਂ ਅੰਮ੍ਰਿਤਸਰ ਦੇ ਬੱਸ ਅੱਡੇ ਤੇ ਬੱਸ ਤੋਂ ਉਤਰਿਆ ਹਾਂ, ਰਿਕਸ਼ਾ ਕਰ ਲਿਆ ਹੈ, ਤੇ ਸ੍ਵਰਨ ਮੰਦਰ ਵਲ ਜਾ ਰਿਹਾ ਹਾਂ, 'ਬਲੂ ਸਟਾਰ' ਦੇ ਘੋਰ ਦੁਖਾਂਤ ਵਾਪਰੇ ਨੂੰ ਸਤਾਰਾਂ ਦਿਨ ਹੀ ਹੋਏ ਹਨ। ਦਰਬਾਰ ਸਾਹਿਬ ਫੌਜਾਂ ਦੇ ਕਬਜ਼ੇ ਵਿਚ ਹੈ। ਮੱਥਾ ਟੇਕਣ ਦੀ ਇਜਾਜ਼ਤ ਨਹੀਂ, ਤਾਂ ਵੀ ਜਾ ਰਿਹਾ ਹਾਂ— ਸ਼ਾਇਦ ਮੇਰੇ ਲੜਕੇ ਦਾ ਕੋਈ ਦੋਸਤ ਅਫਸਰ ਮਿਲ ਪਵੇ, ਤੇ ਮੈਨੂੰ ਅੰਦਰ ਜਾ ਆਉਣ ਦੀ ਆਗਿਆ ਮਿਲ ਹੀ ਜਾਵੇ। ਸ਼ਾਇਦ......

ਬਾਜ਼ਾਰ ਖੁਲ੍ਹੇ ਹੋਏ ਹਨ, ਲੋਕ ਸਦਾ ਵਾਂਗ ਆ ਜਾ ਰਹੇ ਹਨ। ਪੁਲਾਂ, ਚੁਰਾਹਿਆਂ ਉਤੇ ਬੀ. ਐਸ. ਐਫ. ਤੇ ਸੀ. ਆਰ. ਪੀ. ਦੇ ਜੁਆਨ ਪਹਿਰਾ ਦੇ ਰਹੇ ਹਨ। ਸੜਕਾਂ ਉਤੇ ਫੌਜ ਗਸ਼ਤ ਕਰ ਰਹੀ ਹੈ, ਮੇਰੇ ਮਨ ਤੇ ਇਕ ਤਰ੍ਹਾਂ ਦਾ ਬੋਝ ਹੈ, ਮੈਨੂੰ ਲਗਦਾ ਹੈ —ਹਵਾ ਮਾਤਮ ਮਨਾ ਰਹੀ ਹੈ। ਵਾਤਾਵਰਣ ਸੋਗਮਈ ਹੈ। ਮੇਰੇ ਬੁਲ੍ਹ ਫਰਕ ਰਹੇ ਹਨ—ਹਵਾ ਮੇਰੇ ਸ਼ਹਿਰ ਦੀ ਸੋਗਵਾਰ ਹੈ। ਸੋਗ ਵਿਚ ਡੁਬਿਆ ਪਿਆ ਹੈ ਸਭ ਕੁਝ। ਕਿਸ ਦਾ ਸੋਗ ਹੈ? ਕੌਣ ਮਰਿਆ ਹੈ? ਕਿਸਦਾ ਕਤਲ ਹੋਇਆ ਹੈ? ਇਹ ਹਿੰਦੂ ਸਿਖ ਆਪਸ ਵਿਚ ਵਟੇ ਵਟੇ ਜਿਹੇ ਕਿਉਂ ਨੇ। ਇਹਨਾਂ ਵਿਚਲੀ ਸਾਂਝ ਨੂੰ ਕੀ ਬਣਿਆ? ਹਵਾ ਮੇਰੇ ਸ਼ਹਿਰ ਦੀ ਸੋਗਵਾਰ ਹੈ, ਚੁਰਾਹੇ ਵਿਚ ਲਾਸ਼ ਪਈ ਹੈ। ਹਾਂ, ਇਹ ਲਾਸ਼ ਕਿਤੇ ਹੋਰ ਛਿਪਦੀ ਤਾਂ ਸ਼ਾਇਦ ਸਭ ਦੀ ਨਜ਼ਰੀਂ ਨਾ ਪੈਂਦੀ, ਪਰ ਹੁਣ ਇਹ ਚੁਰਾਹੇ ਵਿਚ ਪਈ ਹੈ। ਚਹੁੰ ਦਿਸ਼ਾਵਾਂ ਤੋਂ ਆਣ ਵਾਲਿਆਂ ਨੂੰ ਨਜ਼ਰ ਆ ਰਹੀ ਹੈ। ਮੱਥੇ ਉਤੇ ਤਿਲਕ ਹੈ, ਗਲ ਕਿਰਪਾਨ ਹੈ, ਚੁਰਾਹੇ ਵਿਚ ਲਾਸ਼ ਪਈ ਹੈ। ਹਿੰਦੂ ਸਿੱਖ ਭਾਈਚਾਰੇ ਦੀ ਲਾਸ਼ ਕਿਸ ਚੁਰਾਹੇ ਵਿਚ ਪਈ ਹੋਈ ਹੈ। ਰਿਕਸ਼ਾ ਚਲ ਰਿਹਾ ਹੈ। ਮੇਰੇ ਹੋਠ ਫਰਕ ਰਹੇ ਹਨ—ਹਵਾ ਮੇਰੇ ਸ਼ਹਿਰ ਦੀ ਸੋਗਵਾਰ ਹੈ...

ਇਹ ਸਾਹਮਣੇ ਜਲ੍ਹਿਆਂਵਾਲਾ ਬਾਗ ਆ ਗਿਆ ਹੈ। ਮੈਂ ਸਾਫ ਦੇਖ ਰਿਹਾ ਹਾਂ। ਦੇਸ਼ ਦੀ ਆਜ਼ਾਦੀ ਲਈ ਜੋ ਕੁਰਬਾਨ ਹੋਏ ਸਨ ਉਹ ਪਾਲ ਬੰਨ੍ਹੀ ਖਲੋਤੇ ਹੋਏ ਹਨ। ਸ਼ਰਮ ਨਾਲ ਸਭ ਦੇ ਸਿਰ ਝੁਕੇ ਹੋਏ ਹਨ। ਜਲ੍ਹਿਆਂ ਵਾਲੇ ਦੀ ਧਰਤੀ ਉਦਾਸ ਹੈ। ਮੇਰਾ ਇਹ ਸ਼ਹਿਰ ਜੋ ਸ਼ਹੀਦਾਂ ਦਾ ਘਰ ਸੀ, ਜੋ ਨਿਮਾਣਿਆਂ ਨੂੰ ਮਾਣ ਦੇਂਦਾ ਸੀ। ਨਿਧਰਿਆਂ ਦੀ ਧਿਰ ਬਣਦਾ ਸੀ, ਇਹਨੂੰ ਇਹ ਕਿਸਦੀ ਨਜ਼ਰ ਖਾ ਗਈ ਹੈ? ਦੁਹਾਈ ਓਏ ਲੋਕੋ, ਹੋਸ਼ਾਂ ਵਾਲਿਓ ਆਓ। ਨੀਤੀਵਾਨਾਂ ਨੂੰ ਬੁਲਾਓ। ਬੁੱਧੀਜੀਵੀਆਂ ਨੂੰ ਸਦੋ। ਸਾਰੇ ਮਿਲ ਕੇ ਏਸ ਲਾਸ਼ ਨੂੰ ਉਠਾਓ। ਓਏ ਮੇਰੇ ਪਵਿੱਤਰ ਸ਼ਹਿਰ ਨੂੰ ਬਚਾਓ...

ਹਵਾ ਮੇਰੇ ਸ਼ਹਿਰ ਦੀ ਸੋਗਵਾਰ ਹੈ—
ਚੁਰਾਹੇ ਵਿਚ ਲਾਸ਼ ਪਈ ਹੈ।
ਮੱਥੇ ਉਤੇ ਤਿਲਕ ਹੈ, ਗਲ ਕਿਰਪਾਨ ਹੈ—
ਚੁਰਾਹੇ ਵਿਚ ਲਾਸ਼ ਪਈ ਹੈ।

ਜਲ੍ਹਿਆਂਵਾਲੇ ਬਾਗ ਦੀ ਧਰਤੀ ਉਦਾਸ ਹੈ।
ਸ਼ਰਮਸਾਰ ਹੋਈਆਂ ਨੇ ਸ਼ਹੀਦਾਂ ਦੀਆਂ ਰੂਹਾਂ—
ਚੁਰਾਹੇ ਵਿਚ ਲਾਸ਼ ਪਈ ਹੈ।
ਬੁੱਧੀਜੀਵੀਆਂ ਨੂੰ ਸਦੋ,
ਨੀਤੀਵਾਨਾਂ ਨੂੰ ਬੁਲਾਓ,

ਹੋਸ਼ਾਂ ਵਾਲਿਆਂ ਨੂੰ ਆਖੋ—
ਏਸ ਲਾਸ਼ ਨੂੰ ਉਠਾਓ।
ਮੇਰੇ ਸ਼ਹਿਰ ਨੂੰ ਬਚਾਓ।
ਚੁਰਾਹੇ ਵਿਚ ਲਾਸ਼ ਪਈ ਹੈ।

ਮੇਰਾ ਸ਼ਹਿਰ ਅੰਮ੍ਰਿਤ ਦਾ ਸਰੋਵਰ,
ਮੇਰਾ ਸ਼ਹਿਰ ਪ੍ਰੇਮ ਦਾ ਫੁਹਾਰਾ।
ਮੇਰਾ ਸ਼ਹਿਰ ਪਵਿੱਤਰਤਾ ਦੀ ਮੂਰਤ,
ਮੇਰਾ ਸ਼ਹਿਰ ਸ੍ਵਰਗ ਦਾ ਨਜ਼ਾਰਾ।
ਮੇਰਾ ਸ਼ਹਿਰ ਨਿਮਾਣਿਆਂ ਨੂੰ ਮਾਣ ਬਖਸ਼ੇ,

ਨਿਧਰਿਆਂ ਦੀ ਧਿਰ ਬਣੇ।
ਨਿਤਾਣਿਆਂ ਨੂੰ ਤਾਣ ਦੇਵੇ।
ਮਰੇ ਹਿਰਦਿਆਂ ਨੂੰ ਪ੍ਰਾਣ ਦੇਵੇ।
ਮੇਰਾ ਸ਼ਹਿਰ ਭੁਲਿਆਂ ਨੂੰ ਰਾਹ ਪਾਵੇ।
ਮੇਰਾ ਸ਼ਹਿਰ ਸਾਰਿਆਂ ਨੂੰ ਗਲ ਲਾਵੇ।
ਅਜ ਕਿਸ ਹਤਿਆਰੇ ਪਾਪੀ—ਮੇਰੇ ਸ਼ਹਿਰ ਨੂੰ—
ਕਹਿਰੀ ਤੇ ਕੁਲਹਿਣੀ ਨਜ਼ਰ ਲਗਾਈ ਹੈ?

ਏਸ ਲਾਸ਼ ਨੂੰ ਉਠਾਓ—
ਦੁਹਾਈ ਹੈ...ਦੁਹਾਈ ਹੈ...
ਚੁਰਾਹੇ ਵਿਚ ਲਾਸ਼ ਪਈ ਹੈ।



Sri Satguru Jagjit Singh Ji eLibrary NamdhariElibrary@gmail.com

## ਗ਼ਜ਼ਲ

ਦੇਵਿੰਦਰ ਜੌਹਲ

ਕਥਾ ਏਕਪੇ ਨੂੰ ਸੁਣਾਵਾਂ ਕਿਵੇਂ !
ਕਥਾ-ਵੱਲ ਹਾਂ ਖਦਿਕ ਜਾਵਾਂ ਕਿਵੇਂ !

ਮਸੀਂ ਆਪਣੇ ਕੋਲ ਪਹੁੰਚ ਕਿਤੇ,
ਜੰਗੇ ਮਿਲਣ ਦਾ ਫਿਰ ਗੁਆਵਾਂ ਕਿਵੇਂ !

ਉਹ ਹੁੰਮਸ ਘਟਾ ਮਨ ਦੇ ਵਿਚ ਲਹਿ ਗਿਆ,
ਜੋ ਵਗੀਆਂ ਤਾਂ ਵਗੀਆਂ ਹਵਾਵਾਂ ਕਿਵੇਂ !

ਹੈ ਗੁੰਬਦ ਦੇ ਬਾਹਰ ਧੁੱਪ ਤਾਂ ਹਜ਼ੂਰ,
ਪਹੁੰਚ ਜਾਣ ਬਾਹਰ ਸਦਾਵਾਂ ਕਿਵੇਂ !

ਮੇਰੀ ਵੇਖ ਕਿਸਮਤ ਮੇਰੇ ਪਾਂਧਿਆਂ,
ਮੇਰੇ ਹੱਥੋਂ ਚੁਗੀਆਂ ਰੇਖਾਵਾਂ ਕਿਵੇਂ !

ਤੂੰ ਆਇਆ ਨਹੀਂ ਤੇਰਾ ਗ਼ਮ ਵੀ ਨਹੀਂ,
ਵਧ੍ਹੀ ਜਾਣ ਐਵੇਂ ਘਟਾਵਾਂ ਕਿਵੇਂ !

ਹਾਂ ਕੁਝ ਵੀ ਨਹੀਂ ਹੈ ਤੇ ਮੈਂ ਹਾਂ ਹਜ਼ੂਰ,
ਨਿਰਾ ਕੱਲੀਆਂ ਨੂੰ ਗੁਵਾਵਾਂ ਕਿਵੇਂ ।

ਘਿਰਣਾ ਕਰਦੇ ਮੈਨੂੰ ਮੇਰਾ ਘਰ ਨਹੀਂ,
ਮੈਂ ਰਾਹਾਂ 'ਚ ਪਲਕਾਂ ਵਿਛਾਵਾਂ ਕਿਵੇਂ !

ਮੈਂ ਜਦ ਤਾਂ ਅਜੇ ਵੀ ਨਹੀਂ ਬੋਲਿਆ,
ਮੇਰੇ ਪੋਜ ਪਈਆਂ ਬਲਾਵਾਂ ਕਿਵੇਂ !

## ਗ਼ਜ਼ਲ

ਕੰਵਰ ਸੁਖਦੇਵ

ਪੱਤਾ ਪੱਤਾ ਝੜ ਗਿਆ ਮੇਰੇ ਰੁੱਖਾਂ ਦਾ
ਹੁਣ ਕਿਉਂ ਝਖੜ ਝੁਲਦਾ ਜੇਠ ਦੁਖਾਂ ਦਾ

ਕਰਨ ਅਣਹੋਣੀਆ ਜਹੇ ਜਿਥੋਂ ਜੰਮਦੇ ਸੀ
ਕਿਥੇ ਮਰ ਗਿਆ ਮੌਸਮ ਉਹਨਾਂ ਕੁੱਖਾਂ ਦਾ

ਰੂਹ ਜਿਹਨਾਂ ਨੂੰ ਮਿਲ ਕੇ ਫੇਰ ਨਹੀਂ ਪਰਤੀ
ਮੇਰੇ ਵਰਗਾ ਮੁਖੜਾ ਉਹਨਾਂ ਮਨੁੱਖਾਂ ਦਾ

ਇਕ ਦਾਣੇ ਦੀ ਲੱਦ ਤੇ ਦੂਜੀ ਸਾਖੀ ਦੀ
ਸਾਰਾ ਚੱਕਰ ਹੈ ਏਹਨਾਂ ਦੋ ਭੁੱਖਾਂ ਦਾ

ਚਿਹਰਬਾਜ਼ੀ ਚੇਹਰਿਆਂ ਤੇ ਹੁਣ ਹੰਝੂਆਂ ਦੀ
ਸਹਿਜ ਕਦੀ ਇਹ ਹੁੰਦਾ ਸੀ ਹਸਮੁੱਖਾਂ ਦਾ

ਵਿਛੜਿਆਂ ਤੂੰ ਏਦਾਂ ਰੂਹ ਗਏ ਜੀਣ ਮੇਰੇ
ਤੇਰੇ ਨਾਲ ਹੀ ਮਰ ਗਿਆ ਮੌਸਮ ਸੁੱਖਾਂ ਦਾ

## ਦੋ ਗ਼ਜ਼ਲਾਂ

—ਸੁਰਿੰਦਰ ਸਾਗਰ

ਤੈਰਾਕ, ਸ਼ੀਸ਼ੇ ! ਇਕ ਤੇਰੇ ਵਹਿਣੀਂ ਵੀ ਵਹੇਗਾ ।
ਕੰਢੇ ਤੇ ਡੁੱਬਿਆ ਸਫ਼ਰ ਇਕ ਤੜਫਦਾ ਵੀ ਰਹੇਗਾ ।

ਮਹਿਕੋ ਨੀ ਰੰਗਾਂ ਲੱਦੀਓ ! ਨੀ ਸੋਹਲ ਤਿਤਲੀਓ ।
ਮੌਸਮਾਂ 'ਤੇ ਕਹਿਰ ਤੈਥੋਂ ਕਿੰਜ ਸਹੇਗਾ ?

ਅੱਗਾਂ ਦੀਏ ਨੀ ਹਾਣਣੇਂ ! ਨੀ ਚਾਨਣੀ ਜਿਹੀਏ !
ਕਿਹੜਾ ਏ ਨਾਗਾਂ ਵਾਲੜਾ, ਜੋ ਨਾਚ ਸਹੇਗਾ ?

ਕਾਲੇ ਗੁਲਾਬ ਵਰਗਿਆਂ ਨੈਣਾਂ ਦੀ ਮਾਲਕੇ !
ਸੋਚ ਜ਼ਾਂ, ਤੇਰਾ ਕਿਵੇਂ ਕੰਡਿਆਂ ਤੇ ਖਹੇਗਾ ॥

ਤੇਰੇ ਗ਼ਮਾਂ ਦੀ ਲਹਿਰ ਨੂੰ ਸਹਿਆ ਨਾ ਝੱਲੇ ਜੋ
ਨਦੀਏ ਨੀ ! 'ਸਾਗਰ' ਜਿਸ ਨੂੰ ਹੁਣ ਕੌਣ ਕਹੇਗਾ ?

—0—

ਜਿਸ ਮੋੜ ਤੇ ਤੂੰ ਕਹਿ ਗਈ ਇਉਂ ਅਲਵਿਦਾ ਕੁੜੇ ।
ਉਹ ਤੇ ਸੀ ਅਪਣੇ ਇਸ਼ਕ ਦਾ ਪਹਿਲਾ ਪੜਾ ਕੁੜੇ ।

ਦਰਵੇਸ਼ ਇਕ ਸਤਾ ਰੇ ਸੀ ਮਹਿਕਾਂ ਦਾ ਤਲਬਗਾਰ ।
ਖ਼ੁਦ ਬਖ਼ਸ਼ਿਆ ਤੂੰ ਫੁੱਲ, ਖ਼ੁਦ ਹੀ ਖੋਹ ਲਿਆ ਕੁੜੇ ।

ਹੋਇਆ ਬੜਾ ਹੀ ਦਰਦ ਪਰ ਉਫ਼ ਤਕ ਨਾ ਕਰ ਸਕੇ ।
ਮਜਬੂਰੀਆਂ ਸਨ ਸਾਡੀਆਂ ਕਿ ਹੌਸਲਾ ਕੁੜੇ ?

ਬਰਬਾਦ ਹੋਣੋਂ ਬਚ ਗਈ ਜੋ ਆਖ਼ਰੀ ਮਲਕੀਤ
"ਵਸਦੀ ਰਹੇਂ ਤੂੰ ਖ਼ੁਸ਼ ਰਹੇਂ" ਲੈ ਜਾ ਦੁਆ ਕੁੜੇ ।

ਜਿਹੜਾ ਕਿ ਕਰਨਾ ਸੀ ਅਜੇ, ਕੀਤਾ ਨਹੀਂ ਸੀ ਮੈਂ,
ਐਸੇ ਗੁਨਾਹ ਦੀ ਕਟ ਰਿਹਾਂ ਅਜਕਲ੍ਹ ਸਜ਼ਾ ਕੁੜੇ ।



Sri Satguru Jagjit Singh Ji eLibrary NamdhariElibrary@gmail.com

# ਚੌਗਿਰਦਾ

## ਸਭ ਤੋਂ ਬੁੱਢਾ ਬਨਮਾਨਸ ਚਲ ਵਸਿਆ

ਫਿਲਡਲਫੀਆ—ਵਿਸ਼ਵ ਦਾ ਸਭ ਤੋਂ ਪੁਰਾਣਾ ਫੜਿਆ ਹੋਇਆ ਬਨਮਾਨਸ 'ਮਾਸਾ' ਪਿਛਲੇ ਹਫਤੇ ਦਿਲ ਦਾ ਦੌਰਾ ਪੈਣ ਕਰਕੇ ਮਰ ਗਿਆ। ਉਸ ਦੀ ਉਮਰ ੫੪ ਸਾਲ ਸੀ।

ਫਿਲਡਲਫੀਆ ਦੇ ਚਿੜੀਆ ਘਰ ਦੇ ਅਧਿਕਾਰੀਆਂ ਅਨੁਸਾਰ ਬਨਮਾਨਸ 'ਮਾਸਾ' ਨੇ ਆਪਣੀ ਮੌਤ ਤੋਂ ਅਜੇ ੧੨ ਘੰਟੇ ਪਹਿਲਾਂ ਹੀ ਚਿੜੀਆ ਘਰ ਵਿਚ ਇਕ ਸ਼ਾਨਦਾਰ ਸਮਾਰੋਹ 'ਚ ਆਪਣਾ ਜਨਮ ਦਿਨ ਮਨਾਇਆ ਸੀ ਅਤੇ ਉਸ ਦੇ ੫੦੦ ਸ਼ੁਭਚਿੰਤਕਾਂ ਨੇ ਉਸ ਲਈ ਕਾਰਡ ਅਤੇ ਤੋਹਫੇ ਲਿਆਂਦੇ ਸਨ।

ਬਨਮਾਨਸਾਂ ਚੋਂ ਸਭ ਤੋਂ ਲੰਮੀ ਉਮਰ ਭੋਗਣ ਤੇ 'ਮਾਸਾ' ਦਾ ਨਾਂ ਗਿਨੀਜ਼ ਬੁਕ (ਰਿਕਾਰਡ ਰੱਖਣ ਵਾਲੀ ਕਿਤਾਬ) ਵਿਚ ਲਿਖਿਆ ਗਿਆ ਹੈ। ਚਿੜੀਆ ਘਰ ਦੇ ਮਾਹਿਰਾਂ ਅਨੁਸਾਰ ਜੰਗਲੀ ਬਨਮਾਨਸਾਂ ਦੀ ਉਮਰ ਆਮ ਤੌਰ ਤੇ ੨੫ ਸਾਲ ਤੋਂ ਵਧ ਨਹੀਂ ਹੁੰਦੀ। ਚਿੜੀਆ ਘਰ ਦੇ ਰਿਸਰਚ ਡਾਇਰੈਕਟਰ ਡਾ: ਰੌਬਰਟ ਅਨੁਸਾਰ 'ਮਾਸਾ' ਦੀਆਂ ਰਕਤ-ਨਾੜੀਆਂ ਸਖਤ ਹੋ ਗਈਆਂ ਸਨ ਅਤੇ ਉਨ੍ਹਾਂ ਨੂੰ ਪਹਿਲਾਂ ਵੀ ਦੋ ਵਾਰ ਦਿਲ ਦਾ ਦੌਰਾ ਪੈ ਚੁਕਾ ਸੀ।

'ਮਾਸਾ' ੧੯੩੦ ਵਿਚ ਪੱਛਮੀ ਅਫਰੀਕਾ ਦੇ ਇਕ ਜੰਗਲ ਵਿਚ ਪੈਦਾ ਹੋਇਆ ਸੀ ਅਤੇ ਉਸ ਦੀ ਮਾਂ ਇਕ ਪਿੰਡ 'ਚ ਫਸਲਾਂ ਦਾ ਉਜਾੜਾ ਕਰਦੇ ਸਮੇਂ ਪਿੰਡ ਦੇ ਲੋਕਾਂ ਹਥੋਂ ਮਾਰੀ ਗਈ ਸੀ ਜਦੋਂ ਕਿ ਮਾਸਾ ਨੂੰ ਉਨ੍ਹਾਂ ਨੇ ਜਿਊਂਦਿਆਂ ਫੜ ਲਿਆ ਸੀ। ਜਿਸ ਨੂੰ ਕਿ ਬਾਅਦ ਵਿਚ ਉਨ੍ਹਾਂ ਇਕ ਅਮਰੀਕੀ ਸੈਲਾਨੀ ਦੇ ਹੱਥ ਵੇਚ ਦਿਤਾ।

## ਮਾਂ ਦਾ ਦੁਧ ਦੇਸ਼ ਅਤੇ ਬੱਚਿਆਂ, ਦੋਹਾਂ ਲਈ ਲਾਭਕਾਰੀ

ਬੰਬਈ—ਇਹ ਗਲ ਭਾਵੇਂ ਮੰਨਣੀ ਮੁਸ਼ਕਲ ਹੈ ਪਰ ਹੈ ਸੱਚ ਕਿ ਦੇਸ਼ ਦੀਆਂ ਪੰਜਵਾਂ ਹਿੱਸਾ ਔਰਤਾਂ ਵੀ ਬੱਚਿਆਂ ਨੂੰ ਆਪਣਾ ਦੁਧ ਚੁੰਘਾਉਣਾ ਸ਼ੁਰੂ ਕਰ ਦੇਣ ਤਾਂ ਦੇਸ਼ ਹਰ ਸਾਲ ੩੬ ਕਰੋੜ ੫੦ ਲਖ ਡਾਲਰ ਬਚਾ ਸਕਦਾ ਹੈ।

ਬੰਬਈ ਮੈਡੀਕਲ ਕਾਂਗਰਸ ਵਲੋਂ ਕਰਵਾਏ ਗਏ "ਛਾਤੀ ਦਾ ਦੁਧ" ਸੰਮੇਲਨ ਵਿਚ ਹਿੱਸਾ ਲੈਣ ਵਾਲੇ ਵਿਅਕਤੀਆਂ ਨੇ ਕਿਹਾ ਕਿ ਹਿੰਦ ਇਸ ਵੇਲੇ ਹਰ ਸਾਲ ੯੦ ਕਰੋੜ ਡਾਲਰ ਬੱਚਿਆਂ ਦੀਆਂ ਅਜਿਹੀਆਂ ਬੀਮਾਰੀਆਂ ਦੇ ਇਲਾਜ ਉਤੇ ਖਰਚ ਕਰਦਾ ਹੈ, ਜਿਹੜੀਆਂ ਮਾਂ ਦਾ ਦੁਧ ਨਾ ਚੁੰਘਾਉਣ ਕਰਕੇ ਪੈਦਾ ਹੁੰਦੀਆਂ ਹਨ।

ਇਹਨਾਂ ਵਿਗਿਆਨੀਆਂ ਨੇ ਕਿਹਾ ਕਿ ਮਾਂ ਦਾ ਦੁਧ ਗਾਂ ਦੇ ਦੁਧ ਨਾਲੋਂ ਜਾਂ ਦਵਾ ਕੰਪਣੀਆਂ ਵਲੋਂ ਤਿਆਰ ਕੀਤੇ ਜਾਣ ਵਾਲੇ ਸੁੱਕੇ ਦੁਧ ਨਾਲੋਂ ਵਧੇਰੇ ਤਾਕਤ ਦੇਣ ਵਾਲਾ ਹੁੰਦਾ ਹੈ। ਉਹਨਾਂ ਕਿਹਾ ਕਿ ਜੇ ਮਾਂ ਨੂੰ ਤਪਦਿਕ ਵੀ ਹੋਈ ਹੋਵੇ ਤਾਂ ਵੀ ਉਹ ਆਪਣੇ ਬੱਚੇ ਨੂੰ ਦੁਧ ਚੁੰਘਾ ਸਕਦੀ ਹੈ। ਬੱਚੇ ਨੂੰ ਸਹਿਜੇ ਹੀ ਤਪਦਿਕ ਤੋਂ ਸੁਰਖਿਅਤ ਕੀਤਾ ਜਾ ਸਕਦਾ ਹੈ।

ਉਹਨਾਂ ਕਿਹਾ ਕਿ ਮਾਂ ਦਾ ਦੁਧ ਬੱਚੇ ਵਿਚ ਸੁਰਖਿਆ ਦੀ ਭਾਵਨਾ ਵੀ ਪੈਦਾ ਕਰਦਾ ਹੈ। ਉਹਨਾਂ ਮਾਵਾਂ ਨੂੰ ਸਲਾਹ ਦਿਤੀ ਕਿ ਉਹ ਆਪਣੇ ਬਾਲਾਂ ਨੂੰ ਖਬੀ ਛਾਤੀ ਤੋਂ ਦੁਧ ਚੁੰਘਾਉਣ ਕਿਉਂਕਿ ਇਸ ਤਰ੍ਹਾਂ ਬੱਚਾ ਦਿਲ ਦੀ ਉਹ ਧੜਕਣ ਸੁਣ ਸਕਦਾ ਹੈ ਜਿਹੜੀ ਉਹ ੯ ਮਹੀਨੇ ਵਿਚ ਕੁਖ ਵਿਚ ਸੁਣਦਾ ਰਿਹਾ ਹੈ।

ਕੁਝ ਡਾਕਟਰਾਂ ਨੇ ਕਿਹਾ ਕਿ ਬੱਚੇ ਨੂੰ ਦੁਧ ਚੁੰਘਾਉਣ ਨਾਲ ਗਰਭ ਰੋਕਣ ਵਿਚ ਵੀ ਮਦਦ ਮਿਲਦੀ ਹੈ।

## ਧੁੱਪ ਸੇਕੋ ਉਦਾਸੀ ਛੱਡੋ

ਚਿੰਤਾ ਭਾਵੇਂ ਛੋਟੀ ਹੋਵੇ ਜਾਂ ਵੱਡੀ ਪਰ ਸਰੀਰ ਨੂੰ ਕਈ ਕਿਸਮ ਦੀਆਂ ਗੰਭੀਰ ਬਿਮਾਰੀਆਂ ਦਾ ਸ਼ਿਕਾਰ ਬਣਾ ਦੇਂਦੀ ਹੈ। ਇਹਨਾਂ ਤੋਂ ਬਚਣ ਅਤੇ ਆਪਣੇ ਜਿਸਮ ਨੂੰ ਵਧੇਰੇ ਫੁਰਤੀਲਾ ਅਤੇ ਸਿਹਤਮੰਦ ਬਨਾਉਣਾ ਚਾਹੁੰਦੇ ਹੋ ਤਾਂ ਵਿਗਿਆਨੀਆਂ ਨੇ ਇਸ ਦਾ ਇਕ ਬੜਾ ਹੀ ਆਸਾਨ ਤਰੀਕਾ ਲੱਭਿਆ ਹੈ ਜਿਸ ਉਤੇ ਕੋਈ ਖਰਚ ਵੀ ਨਹੀਂ ਆਉਂਦਾ।

ਪਿਛੇ ਜਿਹੇ ਹੀ ਰੋਸ਼ਨੀ ਦੇ ਮੈਡੀਕਲ ਅਤੇ ਬਾਇਓਲਾਜੀਕਲ ਪ੍ਰਭਾਵਾਂ ਬਾਰੇ ਇਕ ਕਾਨਫਰੰਸ ਨਿਊਯਾਰਕ ਵਿਖੇ ਹੋਈ। ਇਸ ਸੰਮੇਲਨ ਵਿਚ ਦੱਸਿਆ ਗਿਆ ਕਿ ਜੇ ਵਿਅਕਤੀ ਬਕਾਇਦਾ ਸਰਦੀਆਂ ਵਿਚ ਧੁੱਪ ਸੇਕੇ ਤਾਂ ਉਪਰੋਕਤ ਕਿਸਮ ਦੀਆਂ ਕਈ ਬਿਮਾਰੀਆਂ ਤੋਂ ਬਚ ਸਕਦਾ ਹੈ।



Sri Satguru Jagjit Singh Ji eLibrary NamdhariElibrary@gmail.com

ਵਿਗਿਆਨੀਆਂ ਨੇ ਚੇਤਾਵਨੀ ਦਿਤੀ ਹੈ ਕਿ ਜਿਹੜੇ ਵਿਅਕਤੀ ਸਵੇਰੇ ਸਵੇਰੇ ਬੰਦ ਕਮਰਿਆਂ ਵਿਚ ਕੰਮ ਕਰਨਾ ਸ਼ੁਰੂ ਕਰ ਦੇਂਦੇ ਹਨ ਅਤੇ ਸ਼ਾਮ ਨੂੰ ਹਨੇਰਾ ਪਏ ਬਾਹਰ ਨਿਕਲਦੇ ਹਨ, ਉਹ ਕਈ ਬਿਮਾਰੀਆਂ ਦਾ ਸ਼ਿਕਾਰ ਹੋ ਸਕਦੇ ਹਨ।

## ਲਾਲ ਚੌਕ ਵਿਚ ਸਿਗਰਟ ਪੀਣ ਉੱਤੇ ਪਾਬੰਦੀ

ਮਾਸਕੋ—ਅਧਿਕਾਰੀਆਂ ਨੇ ਲਾਲ ਚੌਕ ਵਿਚ ਤੇ ਇਸ ਦੇ ਨੇੜੇ ਦੇ ਅਲੈਗਜ਼ਾਂਡਰ ਬਾਗ਼ ਵਿਚ ਸਿਗਰਟ ਪੀਣ ਦੀ ਮਨਾਹੀ ਕਰ ਦਿਤੀ ਹੈ। ਇਹ ਪਾਬੰਦੀ ਇਸ ਲਈ ਲਾਈ ਗਈ ਹੈ ਕਿ ਅਕਤੂਬਰ ਇਨਕਲਾਬ ਨਾਲ ਸਬੰਧਤ ਹੋਣ ਕਰਕੇ ਇਹਨਾਂ ਸਥਾਨਾਂ ਨੂੰ ਸਤਿਕਾਰਯੋਗ ਸਮਝਿਆ ਜਾਂਦਾ ਹੈ।
ਜਿੱਥੇ ਲਾਲ ਚੌਕ ਵਿਚ ਸੋਸ਼ਲਿਸਟ ਇਨਕਲਾਬ ਦੇ ਮਹਾਨ ਆਗੂਆਂ ਦੇ ਮਕਬਰੇ ਹਨ, ਉਥੇ ਅਲੈਗਜ਼ਾਂਡਰ ਬਾਗ਼ ਵਿਚ ਅਣਪਛਾਤੇ ਸੈਨਕਾਂ ਦਾ ਮਕਬਰਾ ਹੈ।

ਮਾਸਕੋ ਦੇ ਬਹੁਤ ਸਾਰੇ ਸ਼ਹਿਰੀਆਂ ਨੇ ਅਧਿਕਾਰੀਆਂ ਤੇ ਅਖ਼ਬਾਰਾਂ ਨੂੰ ਚਿੱਠੀਆਂ ਲਿਖਕੇ ਮੰਗ ਕੀਤੀ ਸੀ ਕਿ ਇਹਨਾਂ ਥਾਵਾਂ ਉਤੇ ਸਿਗਰਟ ਪੀਣ ਉਤੇ ਪਾਬੰਦੀ ਲਾਈ ਜਾਏ।

## ਚੋਟਾਲੇ ਪਿੰਡ ਦੇ ਚਾਰੇ ਚੋਣ ਹਾਰੇ

ਚੰਡੀਗੜ੍ਹ—ਹਰਿਆਣਾ ਦੇ ਸਿਰਸਾ ਜ਼ਿਲੇ ਦੇ ਚੌਟਾਲਾ ਪਿੰਡ ਤੋਂ ਲੋਕ ਸਭਾ ਲਈ ਚਾਰੇ ਉਮੀਦਵਾਰ ਡੀ. ਐਮ. ਕੇ. ਪੀ. ਦੇ ਉਪ ਪ੍ਰਧਾਨ ਸ੍ਰੀ ਦੇਵੀ ਲਾਲ ਅਤੇ ਉਹਨਾ ਦੇ ਪੁਤਰ ਓਮ ਪ੍ਰਕਾਸ਼ ਸਮੇਤ ਸਾਰੇ ਹੀ ਕਾਂਗਰਸ (ਆਈ) ਉਮੀਦਵਾਰ ਹਥੋਂ ਹਾਰ ਗਏ ਹਨ। ਇਸੇ ਪਿੰਡ ਤੋਂ ਦੋ ਦੂਜੇ ਉਮੀਦਵਾਰ ਸ੍ਰੀ ਜੇ ਨਰਾਇਣ (ਕਾਂਗਰਸ ਜੇ) ਅਤੇ ਸ੍ਰੀ ਮਨੀ ਰਾਮ (ਲੋਕ ਦਲ) ਸਨ।

# ਸਨਮਾਨ ਪੁਰਸਕਾਰ

### ਡਾ: ਕਪੂਰ ਸਿੰਘ ਘੁੰਮਣ

ਨਵੀਂ ਦਿੱਲੀ—ਭਾਸ਼ਾ ਵਿਭਾਗ ਪੰਜਾਬ ਦੇ ਡਾਇਰੈਕਟਰ ਅਤੇ ਪ੍ਰਸਿਧ ਨਾਟਕਕਾਰ ਡਾ: ਕਪੂਰ ਸਿੰਘ ਘੁੰਮਣ ਨੂੰ ਉਹਨਾਂ ਦੇ ਪ੍ਰਸਿਧ ਨਾਟਕ 'ਪਾਗਲ ਲੋਕ' ਨੂੰ ੧੯੮੪ ਲਈ ਸਾਹਿਤ ਅਕਾਡਮੀ ਦਾ ਅਵਾਰਡ ਦੇਣ ਦਾ ਐਲਾਨ ਕੀਤਾ ਗਿਆ ਹੈ। ਸ: ਘੁੰਮਣ ਦੇ ਨਾਲ ਸ੍ਰੀ ਰਘੁਵੀਰ ਸਹਾਇ, ਸ੍ਰੀ ਕੇਕੀ ਐਨ ਦਾਰੂਵਾਲਾ ਅਤੇ ਸੰਧਿਆ ਪਾਨੀਕਰ ੧੯੮੪ ਲਈ ਸਾਹਿਤ ਅਕਾਡਮੀ ਦੇ ਅਵਾਰਡ ਲਈ ਚੁਣੇ ਜਾਣ ਵਾਲੇ ੨੨ ਲੇਖਕਾਂ 'ਚ ਸ਼ਾਮਲ ਹਨ। ਇਸ ਅਵਾਰਡ ਵਿਚ ਸਨਮਾਨ ਪੱਤਰ, ਤਮਗ਼ੇ ਅਤੇ ੧੦-੧੦ ਹਜ਼ਾਰ ਰੁਪਏ ਨਕਦ ਦਿਤੇ ਜਾਂਦੇ ਹਨ।

### ਡਾ: ਰਮੇਸ਼ ਕੁੰਤਲ ਮੇਘ

ਅੰਮ੍ਰਿਤਸਰ—ਗੁਰੂ ਨਾਨਕ ਯੂਨੀਵਰਸਿਟੀ ਦੇ ਹਿੰਦੀ ਵਿਭਾਗ ਦੇ ਮੁਖੀ ਤੇ ਸਰਕਰਦਾ ਆਲੋਚਕ ਡਾ: ਰਮੇਸ਼ ਕੁੰਤਲ ਮੇਘ ਨੂੰ ਉਹਨਾਂ ਦੀ ਨਵੀਂ ਪੁਸਤਕ ਲਈ ੩੦੦੦ ਰੁਪਏ ਦਾ ਇਨਾਮ ਪਰਦਾਨ ਕੀਤਾ ਗਿਆ ਹੈ।

ਇਹ ਤੀਸਰਾ ਸੂਬਾਈ ਇਨਾਮ ਹੈ ਜਿਹੜਾ ਉਤਰ ਪ੍ਰਦੇਸ਼ ਸਰਕਾਰ ਨੇ ਡਾ: ਮੇਘ ਨੂੰ ਉਹਨਾਂ ਦੀਆਂ ਪੁਸਤਕਾਂ ਲਈ ਦਿਤਾ ਹੈ।

### ਪੰਡਿਤ ਕੁਮਾਰ ਗੰਧਰਵ

ਭੋਪਾਲ—ਉੱਘੇ ਕਲਾਸੀਕਲ ਗਾਇਕ ਪੰਡਤ ਕੁਮਾਰ ਗੰਧਰਵ ਨੂੰ ਸ਼ੌਕਵਮਈ ਕੌਮੀ ੧੯੮੫ ਅਵਾਰਡ 'ਕਾਲੀਦਾਸ ਸਨਮਾਨ' ਦੇ ਲਈ ਚੁਣਿਆ ਗਿਆ ਹੈ।

ਸੰਗੀਤ ਸ਼ਾਸਤਰੀ ਨੂੰ ਇਹ ਅਵਾਰਡ ਦੇਣ ਦਾ ਫੈਸਲਾ ਮੱਧ ਪ੍ਰਦੇਸ਼ ਸਰਕਾਰ ਨੇ ਕੀਤਾ ਹੈ। ਇਕ ਲਖ ਰੁਪਏ ਦੇ ਨਕਦ ਇਨਾਮ ਤੇ 'ਅਭਿਨੰਦਨ ਪੱਤਰ' ਵਾਲਾ ਇਹ ਇਨਾਮ ਪੰਡਤ ਕੁਮਾਰ ਗੰਧਰਵ ਨੂੰ ੧੩ ਫਰਵਰੀ ਨੂੰ ਪੇਸ਼ ਕੀਤਾ ਜਾਏਗਾ।

## ਪੰਜਾਬ ਸੰਗੀਤ ਨਾਟਕ ਅਕਾਦਮੀ

ਰੋਜ਼ ਗਾਰਡਨ,
ਸੈਕਟਰ ੧੬ ਚੰਡੀਗੜ੍ਹ।

ਪੰਜਾਬ ਸੰਗੀਤ ਨਾਟਕ ਅਕਾਦਮੀ ਨੇ ੨੬ ਦਸੰਬਰ ੧੯੮੪ ਨੂੰ ਹੋਈ ਅੰਤ੍ਰਿਮ ਕਮੇਟੀ ਦੀ ਮੀਟਿੰਗ ਵਿਚ ੨ ਅਹਿਮ ਫੈਸਲੇ ਕੀਤੇ ਹਨ। (੧) ਪ੍ਰਸਤੁਤਕਾਰੀ ਕਲਾਕਾਰਾਂ (ਪਰਫੌਰਮਿੰਗ ਆਰਟਿਸਟਸ) ਦੀ ਡਾਇਰੈਕਟਰੀ ਤਿਆਰ ਕਰਨੀ। ਇਸ ਵਿਚ ਗੀਤ-ਸੰਗੀਤ (ਲੋਕ ਤੇ ਸ਼ਾਸਤਰੀ), ਨ੍ਰਿਤ (ਲੋਕ ਤੇ ਸ਼ਾਸਤਰੀ) ਅਤੇ ਨਾਟਕ ਕਲਾ ਨਾਲ ਸਬੰਧਤ ਨਾਟਕਕਾਰ ਨਿਰਦੇਸ਼ਕ ਤੇ ਪ੍ਰਸਿੱਧ ਅਦਾਕਾਰ ਬਾਰੇ ਸੰਖੇਪ ਵਾਕਫੀਅਤ ਦਰਜ ਹੋਵੇਗੀ।

ਕਮੇਟੀ ਨੇ ਅਕਾਦਮੀ ਦੇ ਪ੍ਰਧਾਨ ਡਾ: ਹਰਚਰਨ ਸਿੰਘ ਨੂੰ ਆਪਣੀ ਨਿਗਰਾਨੀ ਹੇਠ ਡਾਇਰੈਕਟਰੀ ਤਿਆਰ ਕਰਉਣ ਦਾ ਅਧਿਕਾਰ ਦਿੱਤਾ ਹੈ। ਅਕਾਦਮੀ ਆਪਣੇ ਵਲੋਂ ਪੂਰੀ ਕੋਸ਼ਿਸ਼ ਕਰੇਗੀ ਕਿ ਕਿਸੇ ਸਬੰਧਤ ਕਲਾਕਾਰ ਦੀ ਐਂਟਰੀ ਦਰਜ ਹੋਣੋਂ ਰਹਿ ਨਾ ਸਕੇ।

ਸਬੰਧਤ ਕਲਾਕਾਰਾਂ ਨੂੰ ਵੀ ਚਾਹੀਦਾ ਹੈ ਕਿ ਉਹ ਆਪਣੇ ਬਾਰੇ ਲੋੜੀਂਦੀ ਵਾਕਫੀਅਤ ਸਮੇਤ ਫੋਟੋ ਪੰਜਾਬ ਸੰਗੀਤ ਨਾਟਕ ਅਕਾਦਮੀ ਦੇ ਦਫ਼ਤਰ ਰੋਜ਼ ਗਾਰਡਨ ਸੈਕਟਰ ੧੬ ਚੰਡੀਗੜ੍ਹ ਦੇ ਪਤੇ ਤੇ ਛੇਤੀ ਭੇਜ ਦੇਣ। (੨) ਪੰਜਾਬ ਵਿਚ ਸਭਿਆਚਾਰਕ ਵਾਤਾਵਰਣ ਪੈਦਾ ਕਰਨ ਲਈ ਦਸਾਂ ਪਿੰਡਾਂ ਵਿਚ ੩੧ ਮਾਰਚ ੧੯੮੫ ਤਕ ਖੁਲ੍ਹੇ ਰੰਗ ਮੰਚ ਸਥਾਪਤ ਕਰਨੇ ਹਨ। ਪ੍ਰਦੇਸ਼ਾਂ ਵਿਚ ਚਾਹਵੇਂ ਇਹਨਾਂ ਦਸਾਂ ਪਿੰਡਾਂ ਦੇ ਵਸਨੀਕਾਂ ਨੇ ਖੁਲ੍ਹੇ ਰੰਗ ਮੰਚ ਸਥਾਪਤ ਕਰਨ ਦੀ ਪ੍ਰੇਰਨਾ ਹੀ ਨਹੀਂ ਦਿਤੀ ਸਗੋਂ ਆਰਥਿਕ ਸਹਾਇਤਾ ਵੀ ਦਿਤੀ ਹੈ ਅਕਾਦਮੀ ਇਹਨਾਂ ਪਿੰਡਾਂ ਵਿਚ ਨਾਟਕ ਟੋਲੀਆਂ ਭੇਜਣ ਤੋਂ ਬਿਨਾਂ ਪਿੰਡਾਂ ਦੇ ਨੌਜਵਾਨਾਂ ਨੂੰ ਨਾਟਕ ਪੇਸ਼ ਕਰਨ ਦੀ ਸਿਖਿਆ ਲਈ ਯੋਗ ਡਾਇਰੈਕਟਰ ਵੀ ਭੇਜੇਗੀ।



Sri Satguru Jagjit Singh Ji eLibrary NamdhariElibrary@gmail.com

# ਠੰਡ ਨਾਲ ਮਰ ਗਏ ਕਿਉਂ ?

ਖਵਾਜਾ ਅਹਿਮਦ ਅਬਾਸ

ਕੀ ਅਸਾਂ ਸਦਾ ਅਪਣੀ ਗਰੀਬੀ ਦਾ ਢੋਲ ਹੀ ਪਿਟਦੇ ਰਹਿਣਾ ਹੈ ? ਨਵੀਂ ਦਿਲੀ ਤੋਂ ਅਖਬਾਰੀ ਕਹਾਣੀ ਸੁਰਖੀ ਸੀ। ''ਬਿਹਾਰ ਵਿਚ ਸਰਦੀ ਨਾਲ ਮੌਤਾਂ ਦੀ ਗਿਣਤੀ ੧੩੩ ਹੋ ਗਈ।''

ਕੀ ਗਰੀਬ ਭਾਰਤੀ ਸਦਾ ਹੀ ਠੰਢ ਨਾਲ ਮਰਦੇ ਹਨ ? ਜੇ ਸਰਦੀ ਨਾ ਹੋਵੇ ਤਾਂ ਬਾਰਸ਼ਾਂ ਹੁੰਦੀਆਂ ਹਨ। ਜੇ ਬਾਰਸ਼ਾਂ ਨਾ ਹੋਣ ਤਾਂ ਲੋਕ ਔੜ ਨਾਲ ਮਰ ਰਹੇ ਹੁੰਦੇ ਹਨ।

ਕਾਰਨ ਭਾਵੇਂ ਕੋਈ ਹੋਵੇ ਉਹਨਾਂ ਨੇ ਮਰਨਾ ਜ਼ਰੂਰ ਹੀ ਹੈ। ਸੋਕਾ ਜਾਂ ਸਿਲ੍ਹਾ ਮੌਸਮ, ਗਰਮੀਆਂ ਦੀ ਲੂ ਹੋਵੇ ਜਾਂ ਸਿਆਲ ਦੀ ਯਖ ਸਰਦੀ ਗਰੀਬਾਂ ਦੀ ਕਿਸਮਤ ਵਿਚ ਮੌਤ ਹੀ ਹੈ।

ਇਸ ਵਾਰ ਕੇਵਲ ਬਿਹਾਰ ਵਿਚ ਹੀ ਇਹ ਗਿਣਤੀ ੧੪੬ ਹੈ। ਜਦੋਂ ਸਰਬ ਭਾਰਤੀ ਪੱਧਰ ਤੇ ਗਿਣਤੀ ਕੀਤੀ ਗਈ, ਤਾਂ ਸੰਖਿਆ ਬਹੁਤ ਜ਼ਿਆਦਾ ਵਧ ਹੋਵੇਗੀ। ਕੁਝ ਮਰਨ ਵਾਲੇ ਤਾਂ ਗਰਮੀ ਜਾਂ ਸਰਦੀ ਦੀ ਸੂਚੀ ਵੰਡ ਵਿਚ ਆਉਂਦੇ ਹੀ ਨਹੀਂ।

ਇਹ ਕੁਝ ਬਿਹਾਰ ਸ਼ਰੀਫ ਅਤੇ ਨਾਲੰਦਾ ਜੋ ਕਿ ਦੋ ਹਜ਼ਾਰ ਸਾਲ ਪੁਰਾਣੇ ਵਿਸ਼ਵ ਵਿਦਿਆਲੇ ਦਾ ਘਰ ਹੀ ਹੈ ਦੇ ਸਤਿਕਾਰਤ ਕਸਬਿਆਂ ਵਿਚ ਹੋਈ। ਅੱਜ ਕਲ ਇੱਥੇ ਵਿਦਵਾਨ ਨਿਵਾਸ ਕਰਦੇ ਨੇ। ਹੋਰ ਕੋਈ ਨਹੀਂ ਰਹਿੰਦਾ।

ਪਰ ਨਾਲ ਹੀ ਨਾਲੰਦਾ ਪਿੰਡ ਹੈ ਜਿਥੋਂ ਕਿ ਮੌਤਾਂ ਦੀ ਇਤਲਾਹ ਮਿਲੀ ਹੈ।

ਮੌਤ ਦਾ ਕਾਰਨ ਸਰਦੀ ਨਹੀਂ ਸਗੋਂ ਗਰੀਬੀ ਹੈ ਜਿਹੜੀ ਕਿ ਸਿਆਲ ਅਤੇ ਠੰਡੀ ਯਖ ਸੀਤ ਲਹਿਰ ਵਿਚ ਅਪਣੇ ਦੰਦ ਨੰਗੇ ਕਰਦੀ ਹੈ।

ਸਰਦੀ ਤੋਂ ਤਾਂ ਘਬਰਾਉਣ ਦੀ ਲੋੜ ਨਹੀਂ। ਇਹ ਤਾਂ ਗਰੀਬੀ ਹੈ ਜਿਸ ਦੇ ਕਾਰਨ ਹਜ਼ਾਰਾਂ ਭੂਮੀ ਹੀਣ ਮਜ਼ਦੂਰ ਉਹ ਓਵਰ ਕੋਟ ਵੀ ਨਹੀਂ ਖਰੀਦ ਸਕਦੇ ਜੋ ਸੌ ਰੁਪਏ ਤਮਾਂ ਸਰਕਾਰੀ ਖਰਚ ਨਾਲ ਬਣ ਜਾਂਦਾ ਹੈ। ਨਾ ਹੀ ਉਹ ਪੰਦਰਾਂ ਰੁਪਿਆਂ ਵਾਲਾ ਕੰਬਲ ਖਰੀਦ ਸਕਦੇ ਹਨ। ਉਹਨਾਂ ਵਿਚ ਤਾਂ ਪੰਜਾਹ ਰੁਪਏ ਤੋਂ ਘਟ ਕੀਮਤ ਵਾਲਾ ਸ਼ਾਲ ਲੈਣ ਦੀ ਵੀ ਪਾਇਆਂ ਨਹੀਂ।

ਉਹਨਾਂ ਨੂੰ ਤਾਂ ਇਹ ਹੀ ਪੁਗਦਾ ਹੈ ਕਿ ਨਿਤ ਘਟਦੇ ਨੰਗੇ ਤਾਪ ਮਾਨ ਨਾਲ ਮਰ ਜਾਣ।

ਆਪਣੇ ਬਹੁਤ ਕੀਮਤੀ ਸਜੇ ਸਾਮਾਨ ਨਾਲ ਇਸ਼ ਚੋਣਾਂ ਆਈਆਂ ਹਨ। ਚੋਣ ਪਰਚਾਰ ਵਿਚ ਕੀਤੇ ਜਾਂਦੇ ਖਰਚਾਂ ਜਿਵੇਂ ਅਖਬਾਰਾਂ ਵਿਚ ਵੱਡੇ ਵੱਡੇ ਇਸ਼ਤਿਹਾਰ, ਬੈਟਰੀਆਂ ਅਤੇ ਲਾਊਡਸਪੀਕਰਾਂ ਸਮੇਤ ਨਾਹਰੇ ਲੌਣ ਲਈ ਵਰਤੀਆਂ ਜਾਂਦੀਆਂ ਕਾਰਾਂ ਆਦਿ ਚੋਂ ਜੇ ਕਿਤੇ ਅਧੀ ਰਕਮ ਵੀ ਸਰਦੀ ਕਾਰਨ ਮੌਤ ਵਲ ਤੁਰੇ ਜਾਂਦੇ ਗਰੀਬਾਂ ਨੂੰ ਕੰਬਲ ਜਾਂ ਗਰਮ ਕਪੜੇ ਦੇਣ ਤੇ ਖਰਚ ਹੋਵੇ...।

ਸਿਆਲ ਰੁਤ ਸਾਡੀ ਮੌਸਮ ਹੀ ਹੈ ਜੇ ਇਸ ਦੇ ਸੁਆਗਤ ਵਾਸਤੇ ਸਾਡੇ ਕੋਲ ਧਨ ਜ਼ਿਆਦਾ ਹੋਵੇ।



Sri Satguru Jagjit Singh Ji eLibrary NamdhariElibrary@gmail.com

## ਸ਼੍ਰੋਮਣੀ ਸੁਧਾਰਕ

—ਸ: ਕਪੂਰ ਸਿੰਘ ਆਈ.ਸੀ.ਐਸ.

ਸੱਚੀ ਗੱਲ ਤਾਂ ਇਹ ਹੈ ਕਿ ਭਾਰਤ ਵਰਸ਼ ਦੀ ਹਜ਼ਾਰਾਂ ਵਰ੍ਹਿਆਂ ਦੀ ਤਵਾਰੀਖ ਵਿਚ ਗੁਰੂ ਗੋਬਿੰਦ ਸਿੰਘ ਤੋਂ ਬਿਨਾਂ ਕੋਈ ਵੀ ਇਤਿਹਾਸਕ ਵਿਅਕਤੀ ਅਜਿਹੀ ਨਹੀਂ ਹੋਈ, ਜਿਸਨੇ ਜੀਵਨ ਮਨੋਰਥ ਦਾ ਨਿਸ਼ਾਨਾ ਇਤਨਾ ਹਮਾਗੀਰ ਤੇ ਉੱਚਾ ਰੱਖਿਆ ਹੋਵੇ ਜਿਸਦਾ ਮੰਤਵ ਕਿ ਜਾਤੀ ਤੇ ਜਨਤਾ ਦੇ ਆਤਮਕ ਤੌਰ ਤੇ ਸਾਰੇ ਭਰਮਾਂ ਤੇ ਬੰਧਨਾਂ ਨੂੰ ਤੋੜ ਕੇ ਉਨ੍ਹਾਂ ਉਚਤਾਈ ਦੀ ਸਿਖਰ ਤੇ ਲੈ ਜਾਣਾ ਹੋਵੇ। ਗੁਰੂ ਗੋਬਿੰਦ ਸਿੰਘ ਜੀ ਤੋਂ ਪਿਛੋਂ ਇਸ ਕਿਸਮ ਦੀ ਦਲੇਰ ਆਤਮਾ ਵਾਲਾ ਪੁਰਸ਼ ਭਾਰਤ ਵਿਚ ਬਾਬਾ ਰਾਮ ਸਿੰਘ ਹੀ ਹੋਇਆ ਹੈ।

... ... ...

...ਸਿੱਖ ਗੁਰੂਆਂ, ਗੁਰੂ ਨਾਨਕ ਤੇ ਗੁਰੂ ਗੋਬਿੰਦ ਸਿੰਘ ਤੋਂ ਪਿਛੋਂ ਬਾਬਾ ਰਾਮ ਸਿੰਘ ਇਕ ਬੜੇ ਮਹਾਨ ਸੁਧਾਰਕ ਤੇ ਰਹਿਨੁਮਾ ਹੋਏ ਹਨ, ਜਿਨ੍ਹਾਂ ਨੇ ਸਮਾਜ ਵਿਚ ਮਰਦ ਤੇ ਇਸਤਰੀ ਦੀ ਸੰਪੂਰਨ ਤੇ ਮੁਕੰਮਲ ਏਕਤਾ ਦਾ ਪ੍ਰਚਾਰ ਕੀਤਾ ਤੇ ਆਪਣੇ ਪ੍ਰਚਾਰ ਵਿਚ ਸਫਲ ਹੋਏ। ਜੋ ਉਨ੍ਹਾਂ ਨੇ ਦੇਸ਼ ਤੇ ਜਾਤੀ ਲਈ ਜੋ ਹੋਰ ਮਹਾਨ ਕੰਮ ਕੀਤੇ ਹਨ, ਉਹ ਛੱਡ ਵੀ ਦੇਈਏ ਤਾਂ ਉਨ੍ਹਾਂ ਦਾ ਇਕ ਇਹ ਪ੍ਰਚਾਰ ਕਿ ਇਸਤਰੀ ਤੇ ਮਰਦ ਸਮਾਜ ਵਿਚ ਬਰਾਬਰ ਦੇ ਹੱਕਦਾਰ ਹਨ, ਹੀ ਉਹਨਾਂ ਨੂੰ ਸੰਸਾਰ ਭਰ ਦੇ ਸ਼ਰੋਮਣੀ ਸੁਧਾਰਕਾਂ ਦੀ ਸਫ ਵਿਚ ਕਰ ਦੇਂਦਾ ਹੈ।

(ਜਪਤ ਸਿੰਘ ਪੁਸਤਕ ਚੋਂ)

---

### ਇਸਤਰੀਆਂ ਦਾ ਉਧਾਰ

—ਸੁਆਮੀ ਸੁਤੰਤਰਾਨੰਦ

ਪ੍ਰਧਾਨ ਆਰੀਆ ਸਰਵੇਖਣ ਸਭਾ

—ਸ੍ਰੀ ਸਤਿਗੁਰੂ ਰਾਮ ਸਿੰਘ ਜੀ ਤੋਂ ਪਹਿਲਾਂ ਇਸਤ੍ਰੀਆਂ ਨੂੰ ਸਿੱਖ ਖੰਡੇ ਦਾ ਅੰਮ੍ਰਿਤ ਨਹੀਂ ਸਨ ਛਕਾਂਦੇ। ਜਿਵੇਂ ਮਰਦ ਖੰਡੇ ਦਾ ਅੰਮ੍ਰਿਤ ਛਕਦੇ ਸੀ, ਉਵੇਂ ਇਸਤ੍ਰੀਆਂ ਨੂੰ ਚਰਨ ਪਾਹੁਲ ਯਾ ਐਵੇਂ ਰਸਮ ਪੂਰਤੀ ਜਿਹੀ ਹੀ ਕੀਤੀ ਜਾਂਦੀ ਸੀ, ਪਰ ਸਤਿਗੁਰਾਂ ਨੇ ਇਸਤ੍ਰੀਆਂ ਨੂੰ ਖੰਡੇ ਦਾ ਅੰਮ੍ਰਿਤ ਛਕਣ ਦਾ ਹੁਕਮ ਦਿਤਾ। ਓਦੋਂ ਤੋਂ ਇਸਤ੍ਰੀ ਨੂੰ ਬਰਾਬਰ ਦੀ ਥਾਂ ਮਿਲੀ। ਇਸੇ ਤਰ੍ਹਾਂ ਸਿਆਣੀ ਉਮਰ ਵਿਚ ਵਿਆਹ ਦੀ ਆਗਿਆ ਕੀਤੀ ਜਿਸ ਤੋਂ ਇਸਤ੍ਰੀ ਭਲੇ ਬੁਰੇ ਨੂੰ ਸਮਝ ਸਕੇ।

## ਧਨ ਗੁਰੂ ਰਾਮ ਸਿੰਘ

ਸ੍ਰੀ ਰੂਪ ਨਰਾਇਣ ਪਾਂਡੇ

ਸੰਪਾਦਕ ਮਾਧੁਰੀ ਲਖਨਊ

ਵੀਰ ਉਪਜਾਊ ਪੰਜਾਬ ਦੀ ਪਵਿਤ੍ਰ ਭੂਮੀ ਨੇ ਬਲਵਾਨ ਅਤੇ ਸੂਰਮੇ ਮਹਾਂਪੁਰਸ਼ਾਂ ਨੂੰ ਜਨਮ ਦਿਤਾ ਹੈ। ਸ੍ਰੀ ਗੁਰੂ ਨਾਨਕ ਜੈਸੇ ਜਗਤ ਵਿਖਿਆਤ ਸੰਤ ਮਹਾਤਮਾ ਪੰਜਾਬ ਵਿਚ ਹੀ ਉਤਪੰਨ ਹੋਏ। ਪੰਜਾਬ ਕੇਸਰੀ ਮਹਾਰਾਜਾ ਰਣਜੀਤ ਸਿੰਘ ਨੂੰ ਜਨਮ ਦੇਣ ਦਾ ਸੁਭਾਗ ਵੀ ਪੰਜਾਬ ਨੂੰ ਹੀ ਪ੍ਰਾਪਤ ਹੈ। ਪੁਰਾਤਨ ਕਾਲ ਵਿਚ ਪਾਂਡਵਾਂ ਨੂੰ ਮਹਾਂ ਭਾਰਤ ਵਿਚ ਵਿਜਈ ਬਣਾਨ ਵਾਲੇ ਰਾਜਾ ਦਰੁਪਦ ਪੰਜਾਬ ਦੇ ਹੀ ਰਹਿਣ ਵਾਲੇ ਸਨ। ਸਿਖ ਭਾਈਆਂ ਦੇ ਵਾਕਾਂ ਅਨੁਸਾਰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਮਹਾਰਾਜ ਨੂੰ ਜਨਮ ਦੇਣ ਵਾਲੀ ਪੰਜਾਬ ਦੀ ਸੁਭਾਗ ਧਰਤੀ ਹੀ ਹੈ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਮਹਾਰਾਜ ਸਚੇ ਤਿਆਗੀ ਸਨ। ਗਊ ਰਖਿਆ ਦੇ ਸੰਬੰਧ ਵਿਚ ਆਪ ਨੇ ਅਨੇਕਾਂ ਕਸ਼ਟ ਉਠਾਏ ਸਨ। ਧੰਨ ਧਨ ਸਤਿਗੁਰੂ ਰਾਮ ਸਿੰਘ ਜੀ ਮਹਾਰਾਜ।

੧੦ ਮਾਘ ੧੯੯੨

### ਵਰਤਮਾਨ ਯੁਗ ਦੇ ਮਹਾਂਪੁਰਖ

—ਪੰਡਤ ਜੈ ਚੰਦਰ ਵਿਦਿਆਲੰਕਾਰ

ਪੰਜਾਬ ਦੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਸਭ ਤੋਂ ਪਹਿਲਾਂ ਨਾਮਿਲਵਰਤਨ ਅਤੇ ਦੇਸ਼ ਭਗਤੀ ਦੀ ਸਿਖਿਆ ਦੇਸ਼ ਨੂੰ ਦਿਤੀ ਉਹਨਾਂ ਦਾ ਅਸੀਂ ਨਾਮ ਹੀ ਭੁਲ ਰਹੇ ਹਾਂ।

ਜਦ ਵੀ ਪੰਜਾਬ ਅਵੱਸ਼ ਜਾਗੇਗੀ ਅਤੇ ਜਦ ਵਰਤਮਾਨ ਭਾਰਤ ਦਾ ਸੱਚਾ ਇਤਿਹਾਸ ਲਿਖਣ ਵਲ ਧਿਆਨ ਦਿਆਂਗੇ, ਸਤਿਗੁਰੂ ਰਾਮ ਸਿੰਘ ਜੀ ਦੇ ਮਾਨਵ ਚਰਿਤਰ ਦਾ ਬੜੀ ਸਾਵਧਾਨੀ ਨਾਲ ਪਾਠ ਕਰਨਾ ਪਏਗਾ। ਸਚਮੁਚ ਭਾਰਤ ਵਿਚ ਵਰਤਮਾਨ ਯੁਗ ਦੇ ਆਪ ਮਹਾਂਪੁਰਖ ਸਨ।

---

“ਕੂਕੇ ਸੁਫੈਦ ਬਸਤਰ ਊੱਨ ਕੀ ਮਾਲਾ ਰਖਤੇ ਹੈਂ। ਚੀਣੀ ਸੀ ਪਗ ਬਾਂਧਤੇ ਹੈਂ। ਕੇਸੋਂ ਮੇਂ ਜਲ ਪਾ ਇਸ਼ਨਾਨ ਭਜਨ ਕਰਤੇ ਹੈਂ। ਮਨ ਮੇਂ ਕੁਛ ਰਾਜ ਕਾ ਭੀ ਦਾਵਾ ਰਖਤੇ ਹੈਂ—ਇਸੀ ਸਬੱਬ ਸੇ ਇਨ ਕੇ ਉਪਦੇਸ਼ਟਾ ਰਾਮ ਸਿੰਘ ਰੰਗੂਨ ਪਹੁੰਚੇ। ਮਾਸ ਸ਼ਰਾਬ ਖਾਨੇ ਪੀਨੇ ਸੇ ਭਾਰੀ ਤਰਕ ਰਾਖਤੇ ਹੈਂ।

(ਗੁਰ ਤੀਰਥ ਸੰਗ੍ਰਹਿ—ਪੰਡਿਤ ਤਾਰਾ ਸਿੰਘ)



Sri Satguru Jagjit Singh Ji eLibrary NamdhariElibrary@gmail.com

HIGH CLASS GUN MANUFACTURERS

AND

REPAIRERS

# FREE INDIA GUN MANUFACTURERS

(Industrial Estate, Extention Area, Jammu Cantt.)

Phone No. 42452



(SINGLE BARREL OR DOUBLE BARREL) 12 Bore Guns

## Once Purchased Ever Purchased

AS
BEST QUALITY OF THE DAY
IS
OUR MOTTO
IN NEED CONTACT US FOR BARGAIN
WITH FULL CONFIDENCE



Sri Satguru Jagjit Singh Ji eLibrary NamdhariElibrary@gmail.com

# ਸਚੀ ਪਾਤਸ਼ਾਹੀ ਦਾ ਹਾਲ

—ਸ: ਲਾਲ ਸਿੰਘ ਕਮਲਾ ਅਕਾਲੀ

"ਇਹ ਤਾਂ ਕੂੜੀਆਂ ਪਾਤਸ਼ਾਹੀਆਂ ਦੇ ਹਾਲ ਹਨ। ਇਕ ਸੱਚੀ ਪਾਤਸ਼ਾਹੀ ਦੇ ਅੱਖੀਂ ਡਿਠੇ ਹਾਲ ਸੁਣੋ। ਉਸ ਨੂੰ ਜਦ ਏਥੇ ਐਨ ਲਾਗਦੇ ਬੰਗਲੇ ਵਿਚ ਲਿਆ ਕੇ ਉਤਾਰਿਆ, ਇਹ ਮਸ਼ਹੂਰ ਸੀ ਕਿ ਇਹ ਹਿੰਦੁਸਤਾਨ ਦੇ ਕਿਸੇ ਪ੍ਰਾਂਤ ਦਾ ਰਾਜਾ ਹੈ, ਪਰ ਉਸਦਾ ਨੂਰ ਵਰਸਾਉਣ ਵਾਲਾ ਦਰਸ਼ਨ, ਉਸ ਦੀ ਅੰਗ ਸੰਗ ਰਹਿਣ ਵਾਲੀ ਮਾਲਾ, ਉਸਦਾ ਅਡੋਲ ਸਹਿਜ ਦਸਦੇ ਸਨ ਕਿ ਉਹ ਕਿਸੇ ਹੋਰਸ ਬਾਦਸ਼ਾਹੀ ਦਾ ਵਾਲੀ ਹੈ। ਉਸ ਨੂੰ ਬਨਸਪਤ ਨਾਲ, ਬ੍ਰਿਛਾਂ ਨਾਲ, ਵੇਲ ਬੂਟਿਆਂ, ਹਰੇ ਘਾਹ, ਫੁੱਲਾਂ ਤੇ ਨੀਲੇ ਆਸਮਾਨ ਦੇ ਸਤਾਰਿਆਂ ਨਾਲ ਬੜਾ ਪਿਆਰ ਸੀ। ਕਈ ਕਈ ਘੰਟੇ ਹੱਥ ਵਿਚ ਮਾਲਾ ਲਈ ਘੁੰਮਦੇ ਨੱਚਦੇ ਹਵਾ ਵਿਚ ਨਸ਼ਈਆਂ ਵਾਂਗ ਧਮਾਲ ਪੈਂਦੇ ਤੇ ਕਲੰਸ ਕਰਕੇ ਸ਼ਾਂਤਾਂ ਨੂੰ ਫੇਮ ਫੇਮ ਖਿਡਾਇਆ ਕਰਦਾ ਸੀ। ਫੌਜੀ ਦਰਬਾਨ ਨੂੰ ਤਾਂਘਦੇ ਰਹਿੰਦੇ ਸਨ। ਪਹਿਰੇ ਵਾਲਿਆਂ ਨੂੰ ਤ੍ਰੈਨ ਦੇ ਪਹਿਰੇ ਨਾਲੋਂ ਮਿਠਾ ਕੰਮ ਹੋਰ ਕੋਈ ਨਹੀਂ ਸੀ ਆਪ ਜੀ ਦੀ ਦਿੱਖ ਪਿਆਰ ਉੱਜਲ ਤੇਜਵੰਤੀ ਦੀਦਾਰੇ ਦੀ ਮਹਿਮਾ ਸੁਗੰਧੀ ਵਾਂਗ ਖਿੰਡ ਗਈ ਸੀ। ਰਾਤ ਦੇ ਸੰਤਰੀਆਂ ਨੇ ਆ ਕੇ ਨੌ ਵਜੇ ਦਾ ਘੰਟਾ ਖੜਕਾਇਆ ਸੀ, ਪਰ ਉਸ ਪਿਛੋਂ ਦੋ ਘੰਟੇ ਲੰਘ ਚੁਕੇ ਸਨ ਕਿ ਆਪ ਬੰਗਲੇ ਵਿਚੋਂ ਨਿਕਲ ਕੇ ਗੋਰੇ ਸੰਤਰੀ ਦੇ ਸਾਹਮਣੇ ਆ ਖਲੋਤੇ।

ਗੋਰਾ ਟਹਿਲ ਰਿਹਾ ਸੀ, ਖਲੋ ਗਿਆ। ਸੰਗੀਨ ਵਾਲੀ ਬੰਦੂਕ ਮੋਢੇ ਤੋਂ ਲਾਹ ਲਿਤੀ। ਹਜ਼ੂਰ ਨੇ ਪਤਾ ਨਹੀਂ ਕਿਹੜੀ ਜ਼ਬਾਨ ਵਿਚ ਉਸ ਨੂੰ ਸਮਝਾ ਦਿਤਾ, ਕਈ ਕਲਿਆ ਲੰਬਾ ਟਿਕ ਕੇ ਬਹਿ ਜਾ, ਬੂਟਾਂ ਦਾ ਖੜਾਕ ਕਰਕੇ ਸਾਡੇ ਧਿਆਨ ਵਿਚ ਵਿਘਨ ਨਾ ਪਾ। ਗੋਰਾ ਚੁਪ ਕਰਕੇ ਬਹਿ ਗਿਆ। ਬਾਕੀ ਗਾਰਦ ਘੂਕ ਸੁਤੀ ਪਈ ਸੀ। ਓਹੀ ਸਫੈਦ ਬਾਣਾ, ਓਹੀ ਮਾਲਾ ਤੇ ਓਹੀ ਗੋਡੇ ਵਰਗੀ ਪੱਗ।

ਸ਼ਿਕਾਇਤ ਹੋਈ। ਉਸ ਦੇ ਅਫਸਰ ਨੇ ਉਸ ਗੋਰੇ ਨੂੰ ਸਜ਼ਾ ਬੋਲ ਦਿਤੀ ਤੇ ਆਪ ਉਸ ਮਹਾਂਪੁਰਖ ਕੋਲ ਆ ਕੇ ਬੇਚੈਨੀ ਤੇ ਬੇਬਸੀ ਪ੍ਰਗਟ ਕੀਤੀ। ਆਪ ਨੇ ਕਦੇ ਗੰਭੀਰਤਾ ਅਤੇ ਸਹਿਜ ਨੂੰ ਨਹੀਂ ਸੀ ਤਜਿਆ, ਪਰ ਉਸ ਸੰਤਰੀ ਨੂੰ ਸਜ਼ਾ ਹੋਈ ਸੁਣ ਕੇ ਆਪ ਨੇ ਉਸ ਅਫਸਰ ਨੂੰ ਦਸ ਦਿਤਾ ਤੇ ਸਿਖਿਆ ਦਿਤੀ ਤੇ ਗੋਰਾ ਗੰਨ ਤੇ ਟੋਪੀ ਝਾੜ ਕੇ ਟੁਰਦਾ ਬਣਿਆ। ਇਹ ਵੀ ਇਕ ਰੰਗ ਸੀ। ਜਦ ਗੋਰੇ ਇਸ ਦੇਸ਼ ਪਹਿਲਾ ਦਿਨ ਆਏ ਸਨ ਅਸਾਂ ਇਹਨਾਂ ਨੂੰ ਮਾਰ ਪਾਂਧਿਆਂ ਭੀ ਡਿੱਠਾ ਸੀ ਮਾਰ ਖਾਂਦਿਆਂ ਕਦੇ ਨਹੀਂ ਸੀ ਡਿੱਠਾ।

# ਨਵਾਂ ਤਖਤ

—ਸ: ਸਰਦੂਲ ਸਿੰਘ ਕਵੀਸ਼ਰ

"ਜਦ ਗੋਰੇ ਪਾਤਸ਼ਾਹ ਨੇ ਸਿੱਖਾਂ ਨੂੰ ਮੁਗਲ ਰਾਜ ਦੀ ਦੇ ਬਰਖ਼ਿਲਾਫ਼ ਖੜਾ ਕੀਤਾ ਤਾਂ ਪਹਿਲੀ ਗੱਲ ਜੋ ਉਹਨਾਂ ਕੀਤੀ, ਉਹ ਅਕਾਲ ਤਖ਼ਤ ਦੀ ਸਾਜਨਾ ਸੀ, ਜਿਸਦਾ ਸਾਫ਼ ਮਤਲਬ ਇਹ ਸੀ ਕਿ ਮੁਗਲਾਂ ਦੀ ਹਕੂਮਤ ਨੂੰ ਤੋੜਨ ਵਾਸਤੇ ਇਕ ਨਵੀਂ ਹਕੂਮਤ ਖੜੀ ਕਰ ਲਈ ਜਾਵੇ। ਏਸੇ ਗੱਲ ਨੂੰ ਅੱਗੇ ਰਖ ਕੇ ਜਦ ਬਾਬਾ ਰਾਮ ਸਿੰਘ ਜੀ ਨੇ ਵੇਖਿਆ ਕਿ ਫਿਰੰਗੀ ਕਾਬਜ਼ ਹਨ ਤੇ ਏਥੇ ਦੀ ਹਕੂਮਤ ਹਿੰਦੁਸਤਾਨੀਆਂ ਦੇ ਹਕੂਮਤ ਦਾ ਖਿਆਲ ਨਹੀਂ ਰਖਦੀ ਤਾਂ ਹਿੰਦੁਸਤਾਨ ਵਿਚ ਸ੍ਵੈ-ਵਿਸ਼ਵਾਸ ਪੈਦਾ ਕਰਨ ਵਾਸਤੇ ਭੈਣੀ ਸਾਹਿਬ ਵਿਚ ਨਵਾਂ ਤਖ਼ਤ ਰਚ ਦਿਤਾ। ਨਾ ਸਿਰਫ਼ ਨਾਮਧਾਰੀ ਨੌਕਰੀ ਆਦਿ ਤੋਂ ਜੀ ਜੇਰ ਦਿਤੇ ਗਏ, ਸਗੋਂ ਥਾਂ ਥਾਂ ਦਿਲਾਸਿਆਂ ਨੂੰ ਜੋੜਨ ਤੇ ਪੁੱਜਣ ਦੀ ਖਾਤਰ ਸੂਬੇ ਕਾਇਮ ਕਰ ਦਿਤੇ ਅਤੇ ਨਾਮਧਾਰੀਆਂ ਨੂੰ ਹੁਕਮ ਹੋਇਆ ਕਿ ਆਪਣੇ ਝਗੜੇ ਇਹਨਾਂ ਸੂਬਿਆਂ ਦੀ ਮਾਰਫ਼ਤ ਆਪਣੀਆਂ ਅਦਾਲਤਾਂ ਵਿਚ ਹੀ ਫੈਸਲੇ ਕਰਵਾਣ ਇਸਦੇ ਨਾਲ ਹੀ ਨਾਮਧਾਰੀ ਸਿੰਘ ਭਾਵੇਂ ਅਤੇ ਸਰਕਾਰ ਨੂੰ ਮਾਮਲਾ ਤਾਂ ਦਿੰਦੇ ਸਨ, ਪਰ ਇਹ ਮਾਮਲਾ ਪਰਾਂਇਣਾ ਹੀ ਸੀ। ਅਸਲ ਵਿਚ ਉਹ ਆਪਣੀ ਸਾਰੀ ਆਮਦਨ, ਆਪਣੀ ਉਪਜੀਵਕਾ ਕਰ ਬਾਬਾ ਜੀ ਦੇ ਹਜ਼ੂਰ ਦੇਸ਼ ਕੌਮ ਦੀ ਅਜ਼ਾਦੀ ਹਾਸਲ ਕਰਨ ਵਾਸਤੇ ਭੇਜ ਦਿੰਦੇ ਸਨ।

ਬਾਬਾ ਰਾਮ ਸਿੰਘ ਜੀ ਦਾ ਕਾਇਮ ਕੀਤਾ ਹੋਇਆ ਇਹ ਬਰਾਬਰ ਦੀ ਹਕੂਮਤ ਦਾ ਤਰੀਕਾ ਏਨਾ ਕਾਮਯਾਬ ਸਾਬਤ ਹੋ ਰਿਹਾ ਸੀ ਕਿ ਬਦੇਸ਼ੀ ਸਰਕਾਰ ਇਸਨੂੰ ਵੇਖ ਕੇ ਅੜੀ ਕੇ ਬੋਲ ਨ ਸਕੀ। ਦੇਸ਼ ਨੇ ਬਾਬਾ ਜੀ ਦਾ ਸਾਥ ਨਾ ਦਿੱਤਾ। ਅਕਸਰ ਪੜ੍ਹਵੇਂਦਿਆਂ ਨੇ ਬਾਬਾ ਜੀ ਨਾਲ ਗੱਦਾਰੀ ਕੀਤੀ। ਜੇ ਅੱਜ ਕਲ ਦਾ ਸਮਾਂ ਹੁੰਦਾ ਤਾਂ ਬਾਬਾ ਜੀ ਦੇਰ ਦੇ ਕਾਮਯਾਬ ਹੁੰਦੇ।


Sri Satguru Jagjit Singh Ji eLibrary NamdhariElibrary@gmail.com

# ਮੇਹਰ ਹੋਈ

—ਡਾ: ਸ਼ੇਰ ਸਿੰਘ
ਐਮ. ਏ. ਪੀ. ਐਚ. ਡੀ.

"ਬਿਲਾਸਪੁਰ ਫਿਰੋਜ਼ਪੁਰ ਜ਼ਿਲੇ ਦਾ ਇਕ ਨਰੋਲ ਸਿੱਖਾਂ ਦੀ ਵਸੋਂ ਵਾਲਾ ਪਿੰਡ ਹੈ। ਇਹ ਇਲਾਕਾ ਸ੍ਰੀ ਗੁਰੂ ਨਾਨਕ ਦੇਵ ਜੀ, ਸ੍ਰੀ ਗੁਰੂ ਹਰਗੋਬਿੰਦ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਰਨਾਂ ਦੀ ਛੁਹ ਨਾਲ ਪਵਿਤ੍ਰ ਵੀ ਹੋ ਚੁਕਾ ਹੈ। ਪਤਾ ਨਹੀਂ ਕਿਨ੍ਹਾਂ ਦੇ ਕਾਰਨਾਂ ਕਰਕੇ ਗੁਰੂ ਸਾਹਿਬ ਦੇ ਸਮੇਂ ਤੋਂ ਪਿਛੋਂ ਸਿੱਖੀ ਵਲੋਂ ਇਹ ਇਲਾਕਾ ਸੌਂ ਗਿਆ ਸੀ। ਮਹਾਰਾਜਾ ਰਣਜੀਤ ਸਿੰਘ ਜੀ ਦਾ ਰਾਜ ਵੀ ਓਥੋਂ ਤੀਕ ਨਹੀਂ ਸੀ ਕਾਇਮ ਰਿਹਾ। ਬਾਬਾ ਵਡਭਾਗ ਸਿੰਘ ਤੇ ਹੋਰ ਬੇਦੀ ਬਾਵਿਆਂ ਦੇ ਪ੍ਰਚਾਰ ਤੋਂ ਵੀ ਇਹ ਦੁਰਾਡੇ ਹੀ ਸੀ। ਕਹਿੰਦੇ ਹਨ ਕਿ ਸਾਂਗਾਂ ਪਾਕੇ ਕੁੜੀ ਦੀ ਵੀ ਸੁਣੀ ਜਾਂਦੀ ਹੈ। ਹਿੰਦੂ ਅਸਰ ਹੇਠ ਆ ਕੇ ਜਦ ਲੋਕੀਂ ਸਿੱਖ ਅਖਵਾਣ ਦੀ ਥਾਂ ਆਪਣੇ ਆਪ ਨੂੰ ਜੱਟ ਹੀ ਸਦਦੇ ਸਨ। ਅਨੰਦ ਕਾਰਜ ਤਾਂ ਸੁਪਨੇ ਵਿਚ ਵੀ ਯਾਦ ਨਹੀਂ ਸੀ ਆਉਂਦਾ। ਭਜਨ ਬਾਣੀ ਵਲੋਂ ਤਾਂ ਬਿਲਕੁਲ ਅਵੇਸਲੇ ਹੋ ਗਏ ਸਨ। ਅਜਿਹੀ ਹਾਲਤ ਵਿਚ ਕਲਗੀਆਂ ਵਾਲੇ ਨੇ ਇਨ੍ਹਾਂ ਲੋਕਾਂ ਦੀ ਸਾਰ ਆਪਣੇ ਇਕ ਉਚੇ ਸਿੱਖ ਪਰਮ ਮਹਾਂਪੁਰਖ, ਮਹਾਰਾਜ ਬਾਬਾ ਰਾਮ ਸਿੰਘ ਜੀ ਦੀ ਰਾਹੀਂ ਲਈ। ਉਕਤ ਪਿੰਡ ਵਿਚ ਵੀ ਇਨ੍ਹਾਂ ਚਰਨ ਪਾਏ। ਮੇਰੇ ਪੜਦਾਦਾ ਜੀ ਉਹਨਾਂ ਵਡਭਾਗਿਆਂ ਵਿਚੋਂ ਸਨ ਜਿਨ੍ਹਾਂ ਇਸ ਪਿੰਡ ਵਿਚੋਂ ਬਾਬਾ ਰਾਮ ਸਿੰਘ ਜੀ ਦੇ ਜਥੇ ਤੋਂ ਅੰਮ੍ਰਿਤਪਾਨ ਕੀਤਾ ਤੇ ਸਿੰਘ ਸਜਕੇ ਜਹਾਜ਼ੇ ਚੜ੍ਹੇ। ਉਹਨਾਂ ਦੇ ਪੁੱਤਰ ਪੋਤਰਿਆਂ ਉਤੇ ਵੀ ਮੇਹਰ ਹੋਈ। ਉਧਰੋਂ ਮੇਰੇ ਮਾਤਾ ਜੀ ਦੇ ਪਿਤਾ ਤੇ ਭਰਾਵਾਂ ਨੇ ਵੀ ਇਨ੍ਹਾਂ ਹੀ ਮਹਾਂਪੁਰਖਾਂ ਤੋਂ ਅੰਮ੍ਰਿਤਪਾਨ ਕੀਤਾ ਸੀ।

## ਸਿੱਖ ਪੰਥ ਦੀ ਸੇਵਾ

—ਸ: ਨਿਰੰਜਨ ਸਿੰਘ ਤਾਲਿਬ

"ਇਸ ਗੱਲ ਨੂੰ ਕੋਈ ਸਿੱਖ ਨਹੀਂ ਮੁਕਰ ਸਕਦਾ ਕਿ ਸ੍ਰੀ ੧੦੮ ਬਾਬਾ ਰਾਮ ਸਿੰਘ ਜੀ ਮਹਾਰਾਜ ਨੇ ਸਿੱਖ ਪੰਥ ਅਤੇ ਮੁਲਕ ਦੀ ਉਹ ਸੇਵਾ ਕੀਤੀ ਹੈ, ਜਿਸ ਨੂੰ ਸਾਧਾਰਨ ਪੁਰਸ਼ ਕਰਨ ਦਾ ਹਿੰਮਤ ਨਹੀਂ ਰਖ ਸਕਦਾ। ਅਸਲ ਵਿਚ ਪ੍ਰੇਮ ਭਗਤੀ, ਨਾਮ ਜਪਣਾ, ਸੁਦੇਸ਼ੀ ਧਾਰਨ ਕਰਨਾ ਤੇ ਪੁਰਾਤਨ ਸਿੱਖੀ ਦਾ ਨਮੂਨਾ ਅਜ ਕਲ ਕੇਵਲ ਨਾਮਧਾਰੀ ਫਿਰਕੇ ਵਿਚ ਹੀ ਰਹਿ ਗਿਆ ਹੈ। ਪੰਥ ਦੀ ਵਡੀ ਜਮਾਤ ਸ੍ਰੋ: ਗੁ: ਪ੍ਰ: ਕਮੇਟੀ ਤੇ ਹੋਰ ਸੁਸਾਇਟੀਆਂ ਨੇ ਸਿੱਖੀ ਦੇ ਧਾਰਮਕ ਅੰਗ ਨੂੰ ਤਲਾਂਜਲੀ ਹੀ ਦੇ ਦਿਤੀ ਹੈ ਅਤੇ ਇਹੀ ਕਾਰਨ ਹੈ ਕਿ ਸਿੱਖ ਪੰਥ ਵਿਚੋਂ ਰੂਹਾਨੀਅਤ ਦਾ ਜਜ਼ਬਾ ਨਿਕਲ ਜਾਣ ਕਰਕੇ ਸਾਡੀ ਹਾਲਤ ਦਿਨੋਂ ਦਿਨ ਕਮਜ਼ੋਰ ਹੁੰਦੀ ਜਾ ਰਹੀ ਹੈ। ਜਿਥੇ ਸਮੂਹ ਪੰਥ ਦੀ ਇਹ ਹਾਲਤ ਹੈ, ਉਥੇ ਨਾਮਧਾਰੀ ਦੀਵਾਨ ਵਿਚ ਜਾ ਕੇ ਵੇਖੋ, ਕਿਵੇਂ ਸ਼ਾਂਤੀ ਅਤੇ ਨਾਮ ਦਾ ਰਸ ਨਸੀਬ ਹੁੰਦਾ ਹੈ। ਨਾਮਧਾਰੀ ਸੰਪ੍ਰਦਾਇ ਸਿੱਖ ਪੰਥ ਦਾ ਇਕ ਬੜਾ ਹੀ ਜ਼ਰੂਰੀ ਅੰਗ ਹੈ ਤੇ ਮੌਜੂਦਾ ਜ਼ਮਾਨੇ ਵਿਚ ਸਿੱਖੀ ਪ੍ਰਚਾਰ ਦਾ ਸਿਹਰਾ ਵੀ ਨਾਮਧਾਰੀ ਦਰਬਾਰ ਦੇ ਸਿਰ ਹੈ।

੮ ਮਾਘ ੧੯੮੭

## ਅਦੁਤੀ ਲਹਿਰ

—ਸਵ: ਭਾਈ ਮੋਹਨ ਸਿੰਘ ਵੈਦ

..."ਸਿੱਖਾਂ ਦਾ ਰਾਜ ਭਾਗ ਨਸ਼ਟ ਹੋਣ ਦੇ ਉਪ੍ਰੰਤ ਗੁਰਮਤ ਪ੍ਰਚਾਰ, ਗੁਰਬਾਣੀ ਦੇ ਵਿਸਥਾਰ, ਕੀਰਤਨ ਆਦਿ ਤੇ ਹਰ ਤਰ੍ਹਾਂ ਦਾ ਉਤਸ਼ਾਹ ਸਿੱਖੀ ਮੰਡਲ ਵਿਚ ਬਹੁਤ ਹੀ ਘੱਟ ਹੋ ਗਿਆ ਸੀ। ਸਿੱਖੀ ਨੂੰ ਢਾਹ ਲਗ ਗਈ ਸੀ। ਇਸ ਸਮੇਂ ਗੁਰਬਾਣੀ ਦੇ ਪ੍ਰਚਾਰ ਗੁਰਮਤ ਦੇ ਵਿਸਥਾਰ, ਸਿੱਖੀ ਨੂੰ ਚੜ੍ਹਦੀਆਂ ਕਲਾਂ ਵਿਚ ਕਰਕੇ ਕੁਰਬਾਨੀ ਸੇਵਾ, ਸੁਚ, ਏਕਤਾ, ਮਿਲਾਪ, ਉਤਸ਼ਾਹ ਕੁਰੀਤੀਆਂ ਨਾਲ ਨਾ-ਮਿਲਵਰਤਨ ਤੇ ਸੁਦੇਸ਼ੀ ਦੀ ਵਰਤੋਂ ਦੀ ਜੋ ਅਦੁਤੀ ਲਹਿਰ ਸ੍ਰੀ ੧੦੮ ਮਹਾਰਾਜ ਬਾਬਾ ਰਾਮ ਸਿੰਘ ਜੀ ਨੇ ਚਲਾਈ, ਉਹ ਆਪ ਹੀ ਕਲਾ ਰਖਦੇ ਸਨ।

੨੫ ਮਾਘ ੧੯੯੧

## ਜਾਦੂ ਬਿਆਨ

—ਮੁਨਸ਼ੀ ਕਨ੍ਹਈਆ ਲਾਲ ਅਲਖਧਾਰੀ

"ਭਾਵੇਂ ਹਜ਼ਰਤ ਮਸੀਹ ਤੇ ਬਾਬਾ ਰਾਮ ਸਿੰਘ ਕੌਮ ਵਿਚ ਸਮਾਨ ਅਰਥਾਤ ਜਾਤੀ ਦੇ ਤਰਖਾਣ ਸਨ, ਪਰ ਰਾਮ ਸਿੰਘ ਕੁਝ ਪੜ੍ਹਿਆ ਲਿਖਿਆ ਵੀ ਸੀ ਅਤੇ ਜਾਦੂ ਬਿਆਨੀ ਰਖਦਾ ਸੀ ਕਿ ਥੋੜੇ ਸਮੇਂ ਵਿਚ ਹੀ ਉਸਨੇ ਹਜ਼ਾਰਾਂ ਆਪਣੀ ਕੌਮ ਦੇ ਲੋਕਾਂ ਨੂੰ ਚੇਲੇ ਬਣਾਇਆ ਸੀ।

(ਕੁਲੀਯਾਤਿ ਅਲਖਧਾਰੀ)



Sri Satguru Jagjit Singh Ji eLibrary NamdhariElibrary@gmail.com

## ਕਮਜ਼ੋਰੀਆਂ ਦੂਰ ਕੀਤੀਆਂ

—ਗੁਰਮੁਖ ਨਿਹਾਲ ਸਿੰਘ

"ਗੁਰੂ ਸਾਹਿਬਾਨ ਦੇ ਸਮਿਆਂ ਵੀ ਬਹੁਤ ਚਿਰ ਤੀਕ ਸਿਖਾਂ ਨੇ ਉਹਨਾਂ ਦਾ ਦਸਿਆ ਹੋਇਆ ਉੱਚ ਆਦਰਸ਼ ਕਾਇਮ ਰਖਿਆ। ਜਿਸ ਵਿਚ ਬਹੁਤ ਸਾਰੇ ਸੂਰਬੀਰ ਸਿਖਾਂ ਨੇ ਭਾਰੇ ਕਸ਼ਟ ਸਹਿ ਕੇ ਸ਼ਹੀਦੀਆਂ ਪ੍ਰਾਪਤ ਕੀਤੀਆਂ। ਸਿਖਾਂ ਦਾ ਇਤਿਹਾਸ ਇਕ ਸ਼ਹੀਦੀ ਇਤਿਹਾਸ ਹੈ, ਪਰ ਸਮਾਂ ਗੁਜ਼ਰ ਜਾਣ ਕਰਕੇ ਸਿਖਾਂ ਵਿਚ ਕੁਰੀਤੀਆਂ, ਕਮਜ਼ੋਰੀਆਂ ਆ ਗਈਆਂ ਸਨ, ਜਿਸ ਕਰਕੇ ਉਹ ਆਪਣੀ ਉੱਚੀ ਧਾਰਮਕ ਪਦਵੀ ਗੁਆ ਬੈਠੇ ਅਤੇ ਨਾਲ ਹੀ ਆਪਣਾ ਰਾਜ ਭਾਗ ਵੀ ਖੋ ਬੈਠੇ। ੧੮੪੯ ਵਿਚ ਪੰਜਾਬ ਦਾ ਰਾਜ ਅੰਗਰੇਜ਼ਾਂ ਦੇ ਹੱਥ ਆ ਗਿਆ ਅਤੇ ਸਿਖ ਵੀ ਦੂਜਿਆਂ ਹਿੰਦੁਸਤਾਨੀਆਂ ਵਾਂਗ ਅੰਗਰੇਜ਼ੀ ਪਰਜਾ ਵਿਚ ਸ਼ੁਮਾਰ ਹੋ ਗਏ। ਇਨ ਸਭੋਂ ਸਾਰਿਆਂ ਨਾਲੋਂ ਵੱਡੀ ਕਮਜ਼ੋਰੀ, ਜਿਹੜੀ ਸਿਖਾਂ ਵਿਚ ਆਈ, ਉਹ ਆਚਰਣ ਦੀ ਕਮਜ਼ੋਰੀ ਸੀ। ਉਹ ਗੁਰਬਾਣੀ ਦੇ ਪਿਆਰ ਤੇ ਅਭਿਆਸ ਦਾ ਘਾਟਾ ਸੀ। ਉਹ ਨਾਮ ਜਪਣ ਤੋਂ ਮਨਮੁਖ ਹੋ ਬੈਠਣਾ ਸੀ। ਇਨ੍ਹਾਂ ਕਮਜ਼ੋਰੀਆਂ ਨੂੰ ਦੂਰ ਕਰਨ ਲਈ ਹੀ ਸ੍ਰੀ ਬਾਬਾ ਰਾਮ ਸਿੰਘ ਜੀ ਨੇ ਨਾਮਧਾਰੀ ਲਹਿਰ ਚਲਾਈ ਸੀ।

## ਗੁਰੂ ਗਰੰਥ ਸਾਹਿਬ ਪ੍ਰਕਾਸ਼ਤ ਕੀਤੇ

—ਗਿਆਨੀ ਰਾਜਿੰਦਰ ਸਿੰਘ
ਐਡੀਟਰ 'ਖਾਲਸਾ ਐਡਵੋਕੇਟ'

ਵਡਿਆਂ ਤੋਂ ਸੁਣਿਆ ਹੈ ਕਿ ਸ੍ਰੀ ਬਾਬਾ ਰਾਮ ਸਿੰਘ ਜੀ ਨੇ ਪਿੰਡ ਪਿੰਡ ਪਹੁੰਚ ਕੇ ਚਿਰਾਂ ਤੋਂ ਬੰਦ ਪਏ ਗੁਰਦਵਾਰਿਆਂ ਨੂੰ ਖੋਲ੍ਹਿਆ। ਇਹਨਾਂ ਵਿਚੋਂ ਕਈਆਂ ਦੇ ਢੱਠਾਂ ਵਿਚ ਮਘੋਰੇ ਹੋਏ ਹੋਏ ਸਨ ਅਰ ਕਈ ਕਈ ਸਾਇਣ ਮਹਾਰਾਜ ਦੀ ਪਵਿੱਤਰ ਦੇਹ ਉਤੇ ਘਾਹ ਉੱਗੇ ਸਨ, ਕਈ ਥਾਈਂ ਸਿਉਂਕ ਨੇ ਪੂਰੀ ਪੂਰੀ ਬੀੜਾ ਦਲੇਰੀ ਤੋਂ ਕੰਮ ਲਿਆ ਹੋਇਆ ਸੀ। ਆਪ ਨੇ ਉਹਨਾਂ ਹੀ ਗੁਰਦਵਾਰਿਆਂ ਦੀ ਸਾਰੀ ਸਿੰਘਾਂ ਦੀ ਮਦਦ ਨਾਲ ਮੁਰੰਮਤ ਕੀਤੀ ਤੇ ਫੇਰ ਸ੍ਰੀ ਗੁਰੂ ਗਰੰਥ ਸਾਹਿਬ ਜੀ ਪ੍ਰਕਾਸ਼ ਕੀਤੇ। ਕਿਹਾ ਜਾਂਦਾ ਹੈ ਕਿ ਕਈ ਥਾਈਂ ਆਪ ਜੀ ਦੀਆਂ ਇਨ੍ਹਾਂ ਸਰਗਰਮੀਆਂ ਦੀ ਵਿਰੋਧਤਾ ਵੀ ਹੋਈ, ਪਰ ਆਪ ਦੇ ਪ੍ਰੇਮ ਤੇ ਨਿਮਰਤਾ ਭਰੇ ਸਲੂਕ ਦੀ ਸਦਾ ਜਿੱਤ ਹੁੰਦੀ ਰਹੀ।"

੨੯ ਮਾਘ ੧੯੯੮

## ਗੁਰ ਮੰਤਰ ਦ੍ਰਿੜ੍ਹਾ ਦਿਤਾ

—ਸਤਿਨਾਮ ਸਿੰਘ ਫੁਲੇਰਾ
ਐਡੀਟਰ ਪੰਜਾ ਸਾਹਿਬ ਮੈਗਜ਼ੀਨ

ਰਾਜ ਭਾਗ ਦੇ ਖੱਤੇ ਵਿਚ ਫਸ ਕੇ ਖਾਲਸਾ ਪੰਥ ਦੀ ਲਗਨ ਜਦ ਗਰਮਿਥੀ ਵਾਲੀ ਹੋ ਗਈ, ਉਪਰੰਤ ਰਾਜ ਭਾਗ ਗਿਆ ਤਾਂ ਤੇਜਹੀਨ ਕਰਮਿਖ ਫੁਲਵਾੜੀ ਜਦ ਕੁਮਲਾਂਦੀ ਕੁਮਲਾਂਦੀ ਮੁਕਣ ਦੀ ਦਸ਼ਾ ਤੇ ਅਪੜਣ ਵਾਲੀ ਸੀ, ਤਦ ਏਸ ਪੰਜਾਬ ਦੀ ਪਿਆਰੀ ਤੇ ਸੁਹਾਵਣੀ ਧਰਤ ਉਤੇ ਸ੍ਰੀ ੧੦੮ ਮਹਾਂ ਸਤਿਕਾਰਯੋਗ ਬ੍ਰਹਮ ਗਿਆਨੀ ਜੀਵਨ ਮੁਕਤ ਸ੍ਰੀ ਬਾਬਾ ਰਾਮ ਸਿੰਘ ਜੀ ਦੀ ਮਹਾਨ ਉੱਚ ਰੰਗ ਰਤੜੀ ਵਿਅਕਤੀ ਦਾ ਵਿਕਾਸ ਹੋਇਆ। ਆਪ ਨੇ ਪ੍ਰੇਮ ਅਰ ਸ਼ੁਭ ਇਖਲਾਕ ਸਿੱਖੀ ਗਗਨ ਅੰਦਰ ਬਿਜਲੀਆਂ ਕੜਕਾਈਆਂ, ਅਰ ਜਿਹੜੇ ਕੁਠੀਆਂ ਦੀਆਂ ਘਨਘੋਰ ਫਹਿਸ਼ਤਾਂ ਤੇ ਝੜੀਆਂ ਲਾਕੇ ਇਕ ਵਾਰ ਖਿਉਂ ਦਿਤਾ, ਸੁਕੇ ਸੜੇ ਹਿਰਦਿਆਂ ਨੂੰ ਲਾ ਦਿਤੇ ਲੈਕ, ਪੁਆ ਦਿਤੇ ਮਸੋਠੇ ਚੌਲ, ਸੁਣਾ ਦਿਤੇ ਮਸਤਾਨੇ ਹੋ ਰਹਣ ਅਗੀਆਂ ਦੇ ਚੂੰਟੇ ਯੁਨਕਾਰਾਂ। ਤਿਆਗ-ਬਲ-ਤਿਆਗ ਅਰ ਨਾਮ ਦੀ ਕਣੀ ਵਾਲੇ ਬੰਦੇ ਬਣਾ, ਸੰਗਤਾਂ ਨੂੰ ਗੁਰ ਮੰਤਰ ਦ੍ਰਿੜ੍ਹਾ ਦਿਤਾ।

੧੮ ਮਾਘ ੧੯੯੮

## ਸੁਦੇਸ਼ੀ ਜ਼ਿੰਦਗੀ

—ਡਾ: ਪ੍ਰਦੁਮਨ ਸਿੰਘ
ਐਮ. ਏ. ਪੀ. ਐਚ. ਡੀ.

"ਦਸ ਲਖ ਨਾਮਧਾਰੀ ਬਿਲਕੁਲ ਸੁਦੇਸ਼ੀ ਜ਼ਿੰਦਗੀ ਬਸਰ ਕਰਦਾ ਹੈ। ਕੋਈ ਬਦੇਸ਼ੀ ਕਪੜਾ ਜਾਂ ਮਾਲ ਨਾਮਧਾਰੀ ਘਰਾਂ ਵਿਚ ਨਹੀਂ ਵਰਤਿਆ ਜਾਂਦਾ। ਇਸ ਤਰੀਕੇ ਨਾਲ ਘਟ ਤੋਂ ਘਟ ਜੇ ਇਕ ਆਦਮੀ ਪੰਜ ਰੁਪੈ ਸਾਲ ਦੇ ਵੀ ਬਦੇਸ਼ੀ ਮਾਲ ਖਰੀਦਣ ਦੀ ਥਾਂ ਸੁਦੇਸ਼ੀ ਤੇ ਖਰਚ ਕਰਦਾ ਹੈ ਤਾਂ ਪੰਜਾਹ ਲਖ ਰੁਪਿਆ ਸਾਲ ਦਾ ਹਿੰਦੁਸਤਾਨ ਵਿਚ ਹੀ ਖਰਚ ਕਰਦਾ ਹੈ। ਇਸ ਤਰ੍ਹਾਂ ਪਿਛਲੇ ਸੱਤਰ ਸਾਲਾਂ ਵਿਚ ਚਾਲੀ ਕਰੋੜ ਰੁਪਿਆ ਹਿੰਦੁਸਤਾਨ ਵਿਚ ਬਚਾ ਕੇ ਰੱਖਿਆ ਹੈ। ਏਸ ਤਰੀਕੇ ਨਾਲ ਇਹਨਾਂ ਸਿੰਘਾਂ ਨੇ ਹਿੰਦੁਸਤਾਨ ਦੀ ਬੜੀ ਸੇਵਾ ਕੀਤੀ ਹੈ।

੮ ਮਾਘ ੧੯੯੦



Sri Satguru Jagjit Singh Ji eLibrary NamdhariElibrary@gmail.com

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

# RAJPAL

## The Leading Name in Construction Machinery



CONCRETE MIXER 10/7 CFT



CONCETE MIXER 7/5

Manufacturers of

- Concrete Mixers of all Sizes
- Pan Mixers
- Vibrators of all Types
- Tower Hoists
- Hydraulic Press
- Spare Parts of all Makes Concrete Mixers

Phones : Office : 529033
Factory : 501973
Resi. : 508454

# BALWANT SINGH & SONS

Office : 4B/11 JHANDEWALA EXTN.
NEW DELHI 110055

Factory : A 2/3, MAYA PURI, PHASE II
Opp. C-70 NEW DELHI-110064

Sri Satguru Jagjit Singh Ji eLibrary NamdhariElibrary@gmail.com

# ਸਤਿਗੁਰੂ ਬਿਲਾਸ

ਅਣ ਛਪੀ ਪੁਸਤਕ ਸਤਿਗੁਰੂ ਬਿਲਾਸ ਵਿਚ ਸਤਿਗੁਰੂ ਰਾਮ ਸਿੰਘ ਜੀ ਦੇ ਜੀਵਨ ਪ੍ਰਸੰਗ ਬਹੁਤ ਸੁੰਦਰ ਮਲਵਈ ਬੋਲੀ ਵਿਚ ਦਰਜ ਕੀਤੇ ਗਏ ਹਨ। ਕੁਝ ਅੰਸ਼ ਅਸੀਂ ਏਥੇ ਪ੍ਰਕਾਸ਼ਤ ਕਰ ਰਹੇ ਹਾਂ—ਸੰਪਾਦਕ।

## ਸਤਿਗੁਰੂ ਜੀ ਫਿਰੋਜ਼ਪੁਰ ਵਿਚ

"ਫਰੰਗੀਆਂ ਨੇ ਛੌਣੀ ਪਾਉਣੀ ਸ਼ੁਰੂ ਕੀਤੀ ਫੀਰੋਜ਼ਪੁਰ ਮੇਂ ਨਾਲੇ ਸੜਕਾਂ ਬਣਨ ਲਗੀਆਂ। ਮਾਮੇ ਹਰੀ ਸਿੰਘ ਕਾ ਪੁਤਰ ਖਜਾਨ ਸਿੰਘ ਉਥੇ ਮਿਸਤਰੀ ਸੀ, ਉਸ ਨੇ ਆਪਣੇ ਸਾਕ ਸੈਨ ਸਦ ਮੰਗਵਾਏ। ਸ੍ਰੀ ਸਤਿਗੁਰੂ ਜੀ ਵੀ ਜਾਇ ਰਹੇ ਫੀਰੋਜ਼ਪੁਰ ਮੇਂ ਜੌਣੇ ਹੋਏ ਖਜਾਨ ਸਿੰਘ ਦੇ ਸਾਰਾ ਪ੍ਰਵਾਰ ਆਪਣਾ ਹੀ ਆਇ ਇਕੱਠਾ ਹੋਇਆ। ਸਭਨਾਂ ਕਾ ਏਕ ਜਗ੍ਹਾ ਪ੍ਰਸ਼ਾਦ ਹੁੰਦਾ ਸੀ। ਸ੍ਰੀ ਗਰੰਥ ਸਾਹਿਬ ਭੀ ਪ੍ਰਕਾਸ਼ੇ ਰਹਿੰਦੇ ਹੈਂ। ਸਿੰਘ ਪਾਠ ਭੀ ਕਰਦੇ ਰਹਿੰਦੇ ਹਨ...ਦੀਵਾਨ ਲਾਵਣਾ ਵੇਲੇ ਵਕਤ ਕਾ...ਆਸਾ ਕੀ ਵਾਰ ਲਾਵਣੀ ਮੁਝ ਨੇ ਸੁਨਣੀ। ਰਾਤ ਕੋ ਸ਼ਬਦ ਭੀ ਪੜ੍ਹਨੇ ਢੋਲਕੀ ਨਾਲ...ਇਸ਼ਨਾਨ ਅੰਮ੍ਰਿਤ ਵੇਲੇ ਕਰਨਾ...ਆਪੇ ਹੀ ਆਸਾ ਦੀ ਵਾਰ ਭੀ ਪੜ੍ਹ ਲੈਣੀ। ਰਹਿਰਾਸ ਦੇ ਵੇਲੇ ਰਹਿਰਾਸ ਪੜ੍ਹਨੀ, ਆਰਤੀ ਸੋਹਿਲਾ ਪੜ੍ਹਕੇ ਅਰਦਾਸ ਕਰਕੇ ਦਰਜ ਜਾਣਾ।"

... ... ... ...

ਸਵਾ ਪਹਿਰ ਰਾਤ ਰਹਿੰਦੀ ਨਾਲ ਉਠ ਕੇ ਇਸ਼ਨਾਨ ਕਰਕੇ ਸਮਾਧੀ ਲਾਇਕੇ ਪਦਮ ਆਸਣ ਬੈਠਣਾ। ਭਜਨ ਕਾ ਤੇਜ਼ ਕਰਨਾ।

## ਸ੍ਰੀ ਭੈਣੀ ਸਾਹਿਬ ਵਿਚ ਹੱਟੀ

"ਚੇਥੇ ਮੇਂ ਦਾਣੇ ਖਰੀਦੇ, ਸੌਹਲੇ ਮੇਂ ਅੰਨ ਘਟਿਆ, ਸਤਾਰਵੇਂ ਮੇਂ ਕਾਲ ਪਿਆ। ਪਹਿਲੇਂ ਅੰਨ ਇਕ ਰੁਪਈਏ ਦਾ ੨ ਮਣ ਵਿਕਿਆ ਫੇਰ ੩੦ ਸੇਰ ਹੋ ਗਿਆ। ਜਾਓ ਤੋਂ ਦੋ ਸੇਰ ਵਧ ਦੇਣਾ। ਦਾਣਿਆਂ ਤੋਂ ਗੁਰੂ ਜੀ ਨੂੰ ਬਹੁਤ ਨਫਾ ਹੋਇਆ। ਆਏ ਗਏ ਸਿੰਘ ਕੋ ਪ੍ਰਸ਼ਾਦਾ ਛਕੌਣਾ। ਗਰੀਬ ਲੋਕ ਆਕੇ ਪ੍ਰਸ਼ਾਦਾ ਛਕਦੇ ਤੇ ਅਸੀਸਾਂ ਦਿੰਦੇ ਜਾਂਦੇ ਸਨ। ਨਾਲੇ ਇਹਨਾਂ ਦੇ ਕੋਲ ਸਿੰਘ ਬੜੇ ਆਉਂਦੇ ਜਾਂਦੇ ਹੈਂ। ਨਾਮ ਕੇ ਖਰੀਦ ਵਾਲੇ ਵਣਜਾਰੇ ਸਿੱਖ ਆਵਣ ਲੱਗੇ ਹੈ। ਹੱਟੀ ਸੱਚ ਦੀ ਚੱਲਣੇ ਲੱਗੀ ਹੈ।"

## ਹਰਦੁਆਰ ਅਰਧ ਕੁੰਭੀ ਦਾ ਮੇਲਾ

"ਅੰਮ੍ਰਿਤ ਵੇਲਾ ਹੋਇਆ ਤਾਂ ਹਨਜ ਵਾਲੀ ਸੰਗਤ ਕੋ ਪ੍ਰਸ਼ਾਦ ਛਕਾਇਆ ਬਚਨ ਕੀਤਾ ਜੂਠੇ ਬਰਤਨ ਮੈਂ ਮਾਂਜਾਂਗਾ, ਸਾਰੇ ਬਰਤਨ ਆਪ ਮਾਂਜੇ।"

## ਹਰਦੁਆਰ ਵਿਚ ਕੀਮਤੀ ਲਿਬਾਸ ਵਾਲੇ ਮਹੰਤ ਪ੍ਰਤੀ

"ਤੂੰ ਤਾਂ ਕੰਜਰਾਂ ਕਾ ਬਾਣਾ ਪਹਿਨੀ ਬੈਠਾ ਹੈਂ, ਤੇਰੇ ਸਿੱਖ ਕੇਹੜਾ ਬਾਣਾ ਪਹਿਨਣਗੇ। ਕੰਜਰੀ ਤੋਂ ਹੋਰ ਬਾਣਾ ਪਰੇ ਨਹੀਂ ਹੈ। ਪੱਟੀਆਂ ਵਾਹੀਆਂ ਹੋਈਆਂ ਹਨ, ਕੇਸ ਗਲ ਵਿਚ ਪਏ ਹੋਏ ਜੁਲਫਾਂ ਵਾਂਗੂ ਤੇ ਛਿੰਦੀਆਂ ਲੱਗੀਆਂ ਹੋਈਆਂ ਹਨ। ਫੇਰ ਉਸ ਦੀ ਤਲਵਾਰ ਹੈ ਹੱਥ ਲਾਇਕੇ ਬਚਨ ਕੀਤਾ, ਖੂਬ ਕੰਜਰਾਂ ਕਾ ਬਾਣਾ ਹੈ।"

## ਭੇਡ ਚਾਲ

"ਇਕ ਸ਼ਹੀਦ ਕੀ ਜਗਾ ਥੀ। ਲੋਕ ਪੂਜਤੇ ਥੇ, ਗੁਰੂ ਜੀ ਫਿੱਡਰ ਮਾਰੇ, ਉਸ ਜਗਾ ਪਰ, ਬਚਨ ਕੀਤਾ ਮਿੱਟੀ ਇਕੱਠੀ ਕਰਕੇ ਪੂਜਣ ਲਗੇ ਹੈ, ਝੂਠੇ ਲੋਕ ਭੇਡ ਚਾਲ ਚਲਦੇ ਹਨ।"

## ਸੂਰਮੇ ਦਾ ਧਰਮ

"ਸ੍ਰੀ ਸਤਿਗੁਰੂ ਸਿਆਦੜ ਉਤਰੇ ਹੋਏ ਸੇ, ਕਾਹਨ ਸਿੰਘ ਨੂੰ ਬਚਨ ਕੀਤਾ। ਦੇਖ ਤਾਂ ਤੋਪ ਗੜਮਾਰ ਹੈ। ਜਾਂ ਆਵਾਜ਼ਾ ਸੁਣਿਆ, ਤਾਂ ਕਹਿਣ ਲਗਾ ਤੋਪ ਗੜਮਾਰ ਹੈ। ਸਤਿਗੁਰੂ ਜੀ ਬਚਨ ਕੀਤਾ, ਚੜ੍ਹ ਗਏ ਹੈਂ ਨਹੀਂ ਤਾਂ ਬੇਸਿਦਕ ਹੋਣਾ ਪੈਂਦਾ, ਹੁਣ ਚੰਗਾ ਹੋਇਆ। ਬਚਨ ਹੋਇਆ, ਚੋਖਿ ਸਮਝਣ ਹੈਂ, ਇਕ ਤਾਂ ਨੀਵਾਂ ਹੋਇ ਜਾਣਾ, ਦੂਜਾ ਇਹ ਹੈ, ਜੋ ਹਾਥ ਮੇਂ ਆਇ, ਭਾਵੇਂ ਫਿਰ ਹਾਥ ਮੇਂ ਆਇ ਜਾਇ, ਤਾਂ ਅਗੇ ਨੂੰ ਜਾਇ, ਪਿਛੇ ਨਾ ਮੁੜੇ ਸਿਰ ਭਾਵੇਂ ਜਾਏ। ਅਗੇ ਨੂੰ ਜਾਣਾ ਸੂਰਮੇ ਦਾ ਧਰਮ ਹੈ ਪਰ ਸਿਪਾਹੀ ਕਾ ਸਮਤਰ ਬੜਾ ਹੈ।"



Sri Satguru Jagjit Singh Ji eLibrary NamdhariElibrary@gmail.com

੧ਓ

ਫੋਨ : 2737

## ਖੁਸ਼ਖਬਰੀ



ਬੋਰਿੰਗ ਮਸ਼ੀਨ



ਗ੍ਰਾਂਈਡਿੰਗ ਮਸ਼ੀਨ

ਕਾਰਾਂ, ਟਰੈਕਟਰਾਂ ਤੇ ਟਰੱਕਾਂ ਦੇ ਇੰਜਨਾਂ ਦੀ ਵਧੀਆ ਬਲਾਕ ਬੋਰਿੰਗ, ਕਰੈਂਕ ਗ੍ਰਾਂਈਡਿੰਗ ਤੇ ਹੈਡ ਸੀਟ ਫਿਟਿੰਗ ਦਾ ਕੰਮ ਤਸੱਲੀ ਬਖਸ਼ ਹੁੰਦਾ ਹੈ।

ਇਸ ਤੋਂ ਇਲਾਵ ਬੁਲਡੋਜ਼ਰਾਂ, ਕੋਲਡ ਸਟੋਰਾਂ ਦੇ ਕੰਪਰੈਸ਼ਰਾਂ, ਜੈਨਰੇਟਰਾਂ ਅਤੇ ਵਡੇ ਵਡੇ ਹਰ ਪ੍ਰਕਾਰ ਦੇ ਇੰਜਨਾਂ ਦਾ ਕੰਮ ਬਿਲਕੁਲ ਠੀਕ ਠੀਕ ਤੇ ਵਧੀਆ ਕੀਤਾ ਜਾਂਦਾ ਹੈ।

★ ਬੋਰਿੰਗ, ਗ੍ਰਾਂਈਡਿੰਗ ਆਦਿ ਦਾ ਸਾਰਾ ਕੰਮ ਵਿਦੇਸ਼ਾਂ ਤੋਂ ਮੰਗਵਾਈਆਂ ਸਪੈਸ਼ਲ ਮਸ਼ੀਨਾਂ ਉਤੇ ਕੀਤਾ ਜਾਂਦਾ ਹੈ।

★ ਮਰਸਡੀਜ਼ ਟਰੱਕ ਲੈ ਕੇ ਆਓ ਅਤੇ ਕੇਵਲ ਚਾਰ ਦਿਨਾਂ ਵਿਚ ਓਵਰਹਾਲ ਕਰਾ ਕੇ ਵਾਪਸ ਲੈ ਜਾਓ।

★ ਕੁਸ਼ਲ ਮਕੈਨਿਕ ਅਤੇ ਹੋਰ ਪਰਬੰਧ ਮੁਕਮਲ ਹੈ।

★ ਸਾਡੇ ਪਾਸ ਆਪਣਾ ਜੈਨਰੇਟਰ ਸੈਟ ਵੀ ਹੈ। ਇਸ ਨਾਲ ਬਿਜਲੀ ਬੰਦ ਹੋਣ ਤੇ ਵੀ ਕੰਮ ਚਲਦਾ ਰਹਿੰਦਾ ਹੈ ਤੇ ਕੋਈ ਢਿਲ ਨਹੀਂ ਆਉਂਦੀ।

## ਨੈਸ਼ਨਲ ਆਟੋ ਇੰਜੀਨੀਅਰਿੰਗ ਵਰਕਸ

ਪ੍ਰੋ: ਲਛਮਣ ਸਿੰਘ ਨਾਮਧਾਰੀ
10, ਇੰਡਸਟ੍ਰੀਅਲ ਏਰੀਆ, ਫਗਵਾੜਾ।



Sri Satguru Jagjit Singh Ji eLibrary NamdhariElibrary@gmail.com

# ਅਸਲ ਮਜ਼ਹਬ ਸਿਖੋਂ ਕਾ

—ਮੌਲਵੀ ਗੁਲਾਮ ਭੀਖ

ਮੌਲਵੀ ਗੁਲਾਮ ਭੀਖ ਜਲੰਧਰ ਦਾ ਰਹਿਣ ਵਾਲਾ ਸੀ। ਸਤਿਗੁਰੂ ਰਾਮ ਸਿੰਘ ਜੀ ਦੇ ਦੇਸ਼ ਨਿਕਾਲੇ ਤੋਂ ਦਸ ਸਾਲ ਬਾਅਦ ਹੀ ਭਾਵ ਸੰਨ ੧੮੮੨ ਵਿਚ ਉਸ ਇਕ ਇਤਿਹਾਸ ਦੀ ਪੁਸਤਕ ਲਿਖੀ, ''ਤਾਰੀਖ-ਵਾਕਰੀ''। ਉਰਦੂ ਦੀ ਇਸ ਇਤਿਹਾਸ ਪੁਸਤਕ ਵਿਚ ਨਾਮਧਾਰੀ ਕੂਕਾ ਪੰਥ ਸਬੰਧੀ ਜੋ ਲਿਖਿਆ ਹੈ ਦਿਤਾ ਜਾ ਰਿਹਾ ਹੈ।

—ਸੰਪਾਦਕ

ਮੈਂ ਖੁਦ ਛਾਣਬੀਣ ਗਿਆ ਔਰ ਦੇਖਾ ਕੂਕੋਂ ਨੇ ਜੋ ਤਰੀਕਾ ਅਖਤਿਆਰ ਕੀਆ ਹੈ, ਵੁਹ ਔਰ ਕੁਛ ਨਹੀਂ, ਅਸਲ ਮਜ਼ਹਬ ਸਿਖੋਂ ਕਾ ਹੀ ਹੈ, ਉਸੇ ਉਨ੍ਹੋਂ ਨੇ ਦੋਬਾਰਾ ਰੌਣਕ ਦੀ ਹੈ। ਅਲਾਵਾ ਉਨ ਕੀ ਤਬੀਅਤ ਕਾ ਅਸਲੀ ਰੁੱਖ ਸਿੱਖ ਮਜ਼ਹਬ ਕੀ ਜਾਨਬ ਹੈ, ਲੇਕਿਨ ਉਨਕੇ ਤਰੀਕੇ ਔਰ ਤੌਰ ਲਾਖ ਆਦਮੀਓਂ ਸੇ ਭੀ ਜ਼ਿਆਦਾ ਗਰੋਹ ਕੇ ਇਤਫਾਕ ਸੇ ਯਿਹ ਭੀ ਦਿਖਾ ਹੈ ਕਿ ਯਿਹ ਲੋਗ ਗੁਰੂ ਗੋਬਿੰਦ ਸਿੰਘ ਕੇ ਤਰੀਕੇ ਪਰ ਚਲਤੇ ਹੈਂ। ਉਨਕੀ ਜੋਸ਼ਾਨੀਏ ਤਬਾਹ, ਮਖਤ ਕੁਰਬਾਨ, ਕੌਮ ਕਈ ਪੰਚਾਇਤੇਂ ਔਰ ਸਪਾਹੀਯਾਨਾ ਵਜੂਦ ਕੋ ਦੇਖ ਕਰ ਗੌਰਮਿੰਟ ਪੰਜਾਬ ਕੀ ਨਜ਼ਰ ਉਨ ਕੇ ਊਪਰ ਪੜੀ ਔਰ ਉਨੋਂ ਨੇ ਉਨਕੇ ਸਰਗਰੋਹ ਕੋ ਨਿਗਾਹ ਮੇਂ ਰਖਾ ਥਾ।''

''ਨਾਨਕ ਸ਼ਾਹ ਕੀ ਤਰਹ ਰਾਮ ਸਿੰਘ ਜੀ ਹਰ ਕੌਮ ਔਰ ਹਰ ਜਾਤ ਕੇ ਆਦਮੀ ਕੋ ਅਪਨੇ ਮਜ਼ਹਬ ਵ ਫਿਰਕੇ ਮੇਂ ਮਿਲਾ ਲੇਤਾ ਹੈ, ਮੁਸਲਮਾਨੋਂ ਕੋ ਭੀ ਕੂਕਾ ਕਰ ਲੇਤਾ ਹੈ। ਇਨ ਕੂਕੋਂ ਮੇਂ ਅਕਸਰ ਨੀਚ ਜ਼ਾਤ ਕੇ ਲੋਗ ਮਿਸਲ ਪੰਜਾਬੀ ਜਾਟ ਔਰ ਚਮਾਰ ਵਗ਼ੈਰਾ ਹੈਂ। ਅਕਾਇਦ ਉਨਕੇ ਸਾਦ ਔਰ ਆਸਾਨ ਹੈਂ। ਪਾਕੀ ਬੁਤਪ੍ਰਸਤੀ ਕਿਸੀ ਤਰ੍ਹਾਂ ਕੀ ਜਾਇਜ਼ ਨਹੀਂ। ਕਿਸੀ ਜਾਤ ਕੀ ਕੈਦ ਨਹੀਂ ਹੈ। ਗੁਰੂ ਗੋਬਿੰਦ ਸਿੰਘ ਕੋ ਅਪਨਾ ਦੇਵਤਾ ਮਾਨਤੇ ਹੈਂ। ਚੋਰੀ ਜ਼ਿਨਾਕਾਰੀ, ਸ਼ਰਾਬਖੋਰੀ ਔਰ ਕੁਲ ਮਸਕਰਾਤ ਫਸਾਦ ਗੋਸ਼ਤ ਔਰ ਝੂਠ ਉਨਕੇ ਕਟਈ ਮਨ੍ਹਾ ਹੈ। ਜੋ ਕੋਈ ਕੂਕਾ ਹੋਤਾ ਹੈ ਔਰ ਯਿਹ ਮਜ਼ਹਬ ਇਖਤਿਆਰ ਕਰਤਾ ਹੈ ਉਸ ਕੇ ਊਪਰ ਅਹਕਾਮ ਗੁਰੂ ਕੀ ਔਰ ਪਾਬੰਦੀ ਅਕਾਇਦ ਕੀ ਔਰ ਜਾਂਬਾਜ਼ੀ ਔਰ ਜਾਨ ਫਸ਼ਾਨੀ ਜ਼ਰੂਰ ਲਾਜ਼ਮ ਕਰਤੇ ਹੈਂ। ਬੜਾ ਮਾਕੂਲਾ ਉਨ ਕਾ ਯਹ ਹੈ ''ਮਰਨਾ ਕਬੂਲ ਕਰੋ, ਆਪਣੇ ਜੀ ਖਾਕ ਜਾਣੋ ਤਬ ਕੂਕਾ ਬਣੋ।''

ਕੂਕੋਂ ਕਾ ਰੋਜ਼ ਰਾਤ ਕੋ ਤੀਨ ਬਜੇ ਉੱਠ ਕਰ ਨਹਾਨਾ ਹੋਤਾ ਹੈ ਔਰ ਨਹਾ ਧੋ ਕਰ ਗ੍ਰੰਥ ਕੇ ਅਸਲੋਕ ਪੜ੍ਹਤੇ ਹੈਂ। ਉਨ ਕੋ ਤਮਾਮ ਉਮਰ ਨੇਕੀ ਔਰ ਨੇਕ ਚਲਨੀ ਕੀ ਤਾਕੀਦ ਕੀ ਜਾਤੀ ਹੈ।...ਕੂਕਾ ਕੇ ਫਿਰਕੇ ਮੇਂ ਕਿਸੀ ਨੇ ਮੱਕਾਰ ਔਰ ਬਦ-ਇਖਲਾਕ ਕਾਮ ਦੇਖਾ ਹੋਗਾ। ਇਨ ਲੋਗੋਂ ਕੇ ਬੜੇ ਗਰੋਹ ਕੋ ਦੇਖ ਯਹ ਮਾਲੂਮ ਹੋਤਾ ਹੈ ਕਿ ਇਸ ਜਦੀਦ ਫਿਰਕੇ ਕੀ ਬੜੀ ਜਲਦ ਤਰੱਕੀ ਹੁਈ ਹੈ। ਗਾਓਂ ਕੇ ਗਾਓਂ ਔਰ ਮੌਜ਼ਿਆ ਕੇ ਮੌਜ਼ਿਆ ਕੂਕੇ ਹੋ ਗਏ। ਜਿਸ ਵਕਤ ਗੁਰੂ ਨਾਨਕ ਜੀ ਜੋ ਗੁਜ਼ਰ ਥੇ, ਨੇ ਸਿਲਸਿਲਾ ਅਰਸ਼ਾਦ ਕੀਆ, ਉਨਕੋ ਯਹ ਨਸੀਬ ਨਾ ਹੂਆ ਕਿ ਦਸ ਬਰਸ ਮੇਂ ਏਕ ਹਜ਼ਾਰ ਆਦਮੀ ਉਨਕੇ ਚੇਲੋਂ ਮੇਂ ਹੋਤਾ। ਉਸਕੇ ਮਜ਼ਹਬ ਕਾ ਆਰੂਜ਼ ਪਿਛਲੇ ਮਸਨਦ ਨਸ਼ੀਨੋਂ ਕੇ ਵਕਤ ਮੇਂ ਹੂਆ ਥਾ। ਇਸ ਮੁਜ਼ਾਦ ਕੀ ਜ਼ਿੰਦਗੀ ਮੇਂ ਲਾਖੋਂ ਕੂਕਾ ਹੋ ਗਿਆ।

''ਜਬ ਕਿ ਗੁਰੂ ਕੋ ਕੋਈ ਨਿਯਾ ਖ਼ਾਸ ਹੁਕਮ ਜਾਰੀ ਕਰਨਾ ਮਨਜ਼ੂਰ ਹੋਤਾ ਹੈ ਤੋ ਵੁਹ ਲਿਖ ਕਰ ਏਕ ਕੂਕੇ ਕੋ ਦੇ ਦੇਤਾ ਹੈ, ਵੁਹ ਉਸ ਹੁਕਮ ਕੋ ਲੇਕਰ ਜਿਤਨਾ ਉਸ ਸੇ ਦੌੜਾ ਜਾਤਾ ਹੈ ਖਬਰ ਕਰਤਾ ਹੂਆ ਦੌੜਤਾ ਹੈ, ਔਰ ਫਰਮਾਂ ਬਰਦਾਰੀ ਅਪਣੇ ਗੁਰੂ ਕੀ ਆਪਣੇ ਊਪਰ ਫਰਜ਼ ਜਾਣਤਾ ਹੈ। ਜਬ ਵੁਹ ਥੱਕ ਕਰ ਚਲਨੇ ਕੇ ਕਾਬਲ ਨਹੀਂ ਰਹਿਤਾ, ਕਿਸੀ ਦੂਸਰੇ ਕੂਕੇ ਕੋ ਦੇ ਦੇਤਾ ਹੈ। ਜਬ ਵੁਹ ਭੀ ਦੌੜਤਾ ਕੂਕੋਂ ਕੋ ਉਸ ਖ਼ਾਸ ਹੁਕਮ ਸੇ ਮੁਤਲਾ ਕਰਤਾ ਹੂਆ ਥੱਕ ਜਾਤਾ ਹੈ ਤੋ ਵੁਹ ਭੀ ਕਿਸੀ ਦੂਸਰੇ ਕੂਕੇ ਕੋ ਦੇਤਾ ਹੈ, ਵੁਹ ਭੀ ਇਸੀ ਤਰ੍ਹਾਂ ਅਮਲ ਕਰਤਾ ਹੈ। ਗਰਜ਼ ਇਸ ਤਰ੍ਹਾਂ ਵੁਹ ਹੁਕਮ ਅਜਬ ਸੁਰਅਤ ਕੇ ਸਾਥ ਕੂਕਾਓਂ ਮੇਂ ਪਹੁੰਚ ਜਾਤਾ ਹੈ। ਚੇਲੇ ਉਸ ਕੇ ਰੋਜ਼ ਬਰੋਜ਼ ਜ਼ਿਆਦਾ ਹੋਤੇ ਗਏ, ਔਰ ਬਿਲਾਸ਼ਕ ਇਖਲਾਕ ਉਸਕੇ ਚੇਲੋਂ ਕਾ ਸਿਖੋਂ ਕੀ ਨਿਸਬਤ ਬਿਹਤਰ ਹੋਤਾ ਚਲਾ ਥਾ। ਗਰਜ਼ ਕੂਕਾ ਸਿਖੋਂ ਮੇਂ ਐਸੇ ਹੋ ਗਏ ਕਿ ਜੈਸੇ ਮੁਸਲਮਾਨੋਂ ਮੇਂ ਵਹਾਬੀ......।''



Sri Satguru Jagjit Singh Ji eLibrary NamdhariElibrary@gmail.com

REPUTED MANUFACTURERS OF:

**SUPERIOR QUALITY**

**SINGLE BARREL &**

**DOUBLE BARREL**

**B. L. 12 BORE**

# GUNS

Grams : SNIPER Phone : 3805

## MODERN GUN WORKS

**Opp. Industrial Estate,**

**JAMMU CANTT.**

With best compliments from :-

## *NAMDHARI BROTHERS*

Prop. S AJIT SINGH

*Main Bazar, DALTONGANJ (Bihar)*

Dealers : KIRLOSKAR DIESEL ENGINE P. S. G. ELECTRIC MOTORS. ELECTRICAL APPLIANCES. STAINLESS STEEL PARTS, PRESSURE COOKERS AND AGRICULTURAL IMPLIMENTS

WITH BEST COMPLIMENTS FROM :

## *New Namdhari Cloth House*

WHOLE SALE CLOTH DEALERS

*Main Bazar DALTONGANJ (Bihar)*



Sri Satguru Jagjit Singh Ji eLibrary NamdhariElibrary@gmail.com

# ਅੰਗਰੇਜ਼ ਅਫਸਰਾਂ ਦੀ ਰਾਇ

ਸਰਕਾਰੀ ਕਾਗਜ਼ਾਂ ਵਿਚ ਗੁਰੂ ਰਾਮ ਸਿੰਘ ਜੀ ਅਤੇ ਕੂਕਾ ਅੰਦੋਲਨ ਬਾਰੇ ਬਹੁਤ ਸਾਰੀਆਂ ਟਿੱਪਣੀਆਂ ਮਿਲਦੀਆਂ ਹਨ ਇਥੇ ਕੁਝ ਕੁ ਛਾਪਣ ਦਾ ਜਤਨ ਕਰ ਰਹੇ ਹਾਂ।

—ਸੰਪਾਦਕ

—ਮਿ: ਮੈਕਨਬ ਕਮਿਸ਼ਨਰ
ਅੰਬਾਲਾ ਡਵੀਜਨ ਦੀ
੪ ਨਵੰਬਰ ੧੮੭੧ ਦੀ ਰਿਪੋਰਟ

(੧) ਸ਼ੁਰੂ ਵਿਚ ਭਾਵੇਂ ਇਸ ਲਹਿਰ ਦੇ ਆਗੂਆਂ ਦੇ ਇਰਾਦੇ ਕੁਝ ਵੀ ਹੋਵਣ, ਪਰ ਹੁਣ ਇਸ ਲਹਿਰ ਦਾ ਝੁਕਾਓ ਸਾਫ ਤੌਰ ਤੇ ਰਾਜਸੀ ਹੈ।

(੨) ਪਹਿਲੋਂ ਪਹਿਲੋਂ ਸਰਦਾਰਾਂ ਵਿਚੋਂ ਸਿਰਫ ਮੰਗਲ ਸਿੰਘ ਬਿਸ਼ਨਪੁਰੀਆ ਹੀ ਨਾਮਧਾਰੀ ਸੀ, ਪਰ ਹੁਣ ਬਹੁਤ ਸਾਰੇ ਸਰਦਾਰ ਅਤੇ ਜਾਗੀਰਦਾਰ ਇਸ ਲਹਿਰ ਵਿਚ ਸ਼ਾਮਲ ਹੋ ਗਏ ਹਨ। ਉਦਾਹਰਣ ਦੇ ਤੌਰ ਤੇ ਗੁਰਦਿਤ ਸਿੰਘ ਨਾਦੌਂਵਾਲੀਆ, ਬੀਰ ਸਿੰਘ ਦਿਆਲਗੜ੍ਹੀਆ, ਗੁਰਸਰਨ ਸਿੰਘ ਮੁਸਤਫਾਬਾਦ ਵਾਲਾ ਅਤੇ ਉਸ ਦੇ ਤਿੰਨ ਭਤੀਜੇ, ਹੀਰਾ ਸਿੰਘ ਜਾਗੀਰਦਾਰ ਸਢੌਰੇਵਾਲਾ, ਅਤੇ ਸਢੌਰੇ ਦੇ ਹੋਰ ਸਾਰੇ ਛੋਟੇ ਜਾਗੀਰਦਾਰ, ਦਿਆਲਗੜ੍ਹੀਏ ਸਰਦਾਰਾਂ ਦੇ ਰਿਸ਼ਤੇਦਾਰ, ਬੁਢਾ ਸਿੰਘ ਜਾਗੀਰਦਾਰ ਸੋਹਾਣੇ ਵਾਲਾ, ਰਿਆਸਤ ਕਲਸੀਆਂ ਦੇ ਜੈਮਲ ਸਿੰਘ ਅਤੇ ਦਲੀਪ ਸਿੰਘ। ਅੰਬਾਲੇ ਦੇ ਜ਼ਿਲੇ ਦੇ ਛੋਟੇ ਛੋਟੇ ਜਾਗੀਰਦਾਰ ਸਮਾਂ ਆਉਣ ਤੇ ਖਾਲਸਾ ਰਾਜ ਮੁੜ ਕਾਇਮ ਕਰਨ ਦੇ ਹਾਮੀ ਜ਼ਰੂਰ ਬਣ ਜਾਣਗੇ। ਇਨ੍ਹਾਂ ਵਿਚ ਕੂਕੇ ਬਨਣ ਦੀ ਲਹਿਰ ਵਧਣ ਦੀ ਸੰਭਾਵਨਾ ਹੈ।

(੩) ਪਿਛਲੇ ਸਾਲਾਂ ਵਿਚ ਗੁਰੂ ਰਾਮ ਸਿੰਘ ਨੇ ਨੇਪਾਲ ਦੇ ਯੁਵਰਾਜ ਰਾਹੀਂ ਮਹਾਰਾਜਾ ਨਾਲ ਵੀ ਆਪਸ ਵਿਚ ਤੋਹਫੇ ਦਿਤੇ ਅਤੇ ਲਏ।

(੪) ਨਾਮਧਾਰੀ ਜਥੇਬੰਦੀ ਜ਼ਿਲੇਵਾਰ ਸੂਬਿਆਂ ਅਤੇ ਨਾਇਬ ਸੂਬਿਆਂ ਦੁਆਰਾ ਜੁੜੀ ਹੋਈ ਹੈ। ਨਾਮਧਾਰੀਆਂ ਦੇ ਦੂਤ ਲਖਨਊ, ਹੈਦਰਾਬਾਦ ਥਾਂਵਾਂ ਤੇ ਜਿਥੇ ਵੀ ਸਿੱਖ ਜਾਂਦੇ ਹਨ, ਪਹੁੰਚਦੇ ਹਨ। ਗੁਰੂ ਰਾਮ ਸਿੰਘ ਸਾਧੂ ਫਕੀਰਾਂ ਵਾਂਗ ਨਹੀਂ ਰਹਿੰਦਾ, ਜਦ ਕਦੇ ਵੀ ਉਹ ਕਿਸੇ ਅਫਸਰ ਨੂੰ ਮਿਲੇ ਤਦ ਰਾਜਿਆਂ ਵਾਂਗ, ਕਈ ਘੋੜ ਸਵਾਰ ਅਤੇ ਬਹੁਤ ਸਾਰੇ ਪੈਦਲ ਉਸਦੀ ਅਰਦਲ ਵਿਚ ਹੁੰਦੇ ਹਨ। ਅਫਸਰ ਦੇ ਕਮਰੇ ਵਿਚ ਵੀ ਰਾਜਿਆਂ ਦੇ ਨਾਲ ਦੇ ਦਰਬਾਰੀਆਂ ਵਾਂਗ ਉਸ ਨਾਲ ਕਈ ਆਦਮੀ ਅੰਦਰ ਆਉਂਦੇ ਹਨ।

ਉਸ ਦੇ ਆਪਣੇ ਅਤੇ ਨਾਮਧਾਰੀਆਂ ਦੇ ਪਹਿਰੇ ਹੋਏ ਬਸਤਰ, ਬਹੁਤ ਹੀ ਸੋਹਣੇ ਤੇ ਸਫੇਦ ਰੰਗ ਦੇ ਹੁੰਦੇ ਹਨ। ਐਸੀ ਜਥੇਬੰਦੀ ਕੁਝ ਸਮੇਂ ਪਿਛੋਂ ਰਾਜਸੀ ਤਾਕਤ ਕਾਇਮ ਦਾ ਵੱਡਾ ਸੋਮਾ ਬਣ ਸਕਦੀ ਹੈ, ਅਤੇ ਨਾਮਧਾਰੀਆਂ ਦਾ ਹਰ ਕੰਮ ਇਸੇ ਨਿਸ਼ਾਨੇ ਵਲ ਨੂੰ ਜਾ ਰਿਹਾ ਲਗਦਾ ਹੈ।

(੫) ਜਿਤਨੇ ਸੂਬੇ ਮੈਨੂੰ ਮਿਲੇ ਹਨ, ਸਭ ਹੌਸਲੇ ਵਾਲੇ ਆਦਮੀ ਹਨ। ਥੋੜ੍ਹਿਆਂ ਨੂੰ ਛੱਡ ਕੇ ਜਿਤਨੇ ਕੂਕੇ ਮੈਂ ਵੇਖੇ ਹਨ, ਉਹ ਬੜੇ ਜਰਵਾਨੇ ਦਾੜੀਆਂ ਅਤੇ ਮੁੱਛਿਆਂ ਵਾਲੇ ਆਦਮੀ ਹਨ। ਇਸ ਸਬੰਧੀ ਮੈਂ ਮਿ. ਈਲੀਅਟ ਨਾਲ ਸਹਿਮਤ ਹਾਂ।

(੬) ਸਾਰੇ ਪਹਿਲੂ ਵਿਚਾਰ ਕੇ ਮੈਂ ਇਸ ਨਤੀਜੇ ਤੇ ਪਹੁੰਚਿਆ ਹਾਂ ਕਿ ਇਹ ਲਹਿਰ ਰਾਜਸੀ ਹੈ। ਅਤੇ ਖਾਲਸ ਧਾਰਮਕ ਲਹਿਰ ਨਹੀਂ। ਸ਼ੁਰੂ ਵਿਚ ਭਾਵੇਂ ਕੁਝ ਵੀ ਹੋਵੇ।

(੭) ਗੁਰੂ ਰਾਮ ਸਿੰਘ ਜੀ ਤੇਜ ਬੁਧੀ ਵਾਲਾ, ਧੀਰਜਵਾਨ, ਗੰਭੀਰ ਅਤੇ ਉੱਚ ਆਚਰਨ ਵਾਲਾ ਪੁਰਸ਼ ਹੈ, ਉਸ ਨੇ ਆਪਣੇ ਹਰ ਇਕ ਬਚਨ ਅਤੇ ਕਰਮ ਨੂੰ ਆਪਣੇ ਵਸ ਵਿਚ ਕੀਤਾ ਹੋਇਆ ਹੈ।

(੮) ਕੂਕਿਆਂ ਦੇ ਕਤਲਾਂ ਦਿਆਂ ਮੁਕਦਮਿਆਂ ਦੀਆਂ ਗਵਾਹੀਆਂ ਤੋਂ ਇਹੋ ਨਤੀਜਾ ਨਿਕਲਦਾ ਹੈ ਕਿ ਗੁਰੂ ਰਾਮ ਸਿੰਘ ਹੀ ਸਾਰੀਆਂ ਗੱਲਾਂ ਦਾ ਆਧਾਰ ਸੀ, ਅਤੇ ਲਗਦਾ ਹੈ ਕਿ ਲੋਕੀਂ ਉਸ ਤੇ ਭਰੋਸਾ ਕਰਦੇ ਹਨ—ਸੂਬਿਆਂ ਤੇ ਨਹੀਂ।

(੯) ਹਰ ਪੜ੍ਹਿਆ ਹੋਇਆ ਕੂਕਾ ਆਪਣੇ ਪਾਸ ਦੀਵਾਨ ਬੂਟਾ ਸਿੰਘ ਲਾਹੌਰ ਵਾਲੇ ਦੇ ਛਾਪੇ-ਖਾਨੇ (ਆਫਤਾਬ ਪ੍ਰੈਸ) ਦੀ ਛਪੀ ਹੋਈ ਇਕ ਪੋਥੀ ਰਖਦਾ ਹੈ। ਇਸ ਪੋਥੀ ਵਿਚ ਗੁਰੂ ਗੋਬਿੰਦ ਸਿੰਘ ਜੀ ਦੇ ਗਰੰਥ ਵਿਚੋਂ ਜੰਗ ਲਈ ਉਤਸ਼ਾਹਤ ਕਰਨ ਵਾਲੀਆਂ ਬਾਣੀਆਂ, ਚੰਡੀ ਪਾਠ ਅਤੇ ਉਗਰਦੰਤੀ ਦਿਤੀਆਂ ਹੋਈਆਂ ਹਨ। ਇਨ੍ਹਾਂ ਛੱਪੀਆਂ ਹੋਈਆਂ ਬਾਣੀਆਂ ਤੋਂ ਬਗੈਰ ਤਿੰਨ ਹੋਰ ਅਣਛਪੀਆਂ ਪੋਥੀਆਂ ਹਨ, ਜਿਨ੍ਹਾਂ ਨੂੰ ਕੂਕੇ ਪਰਮਾਣੀਕ ਮੰਨਦੇ ਹਨ। ਇਹ ਹਨ ਸੌ ਸਾਖੀ, ਬਾਬੇ ਅਜਿਤੇ ਦੀ ਗੋਸ਼ਟ ਅਤੇ ਕਰਨੀਨਾਮਾ।



Sri Satguru Jagjit Singh Ji eLibrary NamdhariElibrary@gmail.com

ਅੰਮ੍ਰਿਤਸਰ ਦੇ ਬੁਚੜਾਂ ਦੇ ਕਤਲ ਦੀ ਤਫ਼ਤੀਸ਼ ਸਮੇਂ ਇੰਨਸਪੈਕਟਰ ਇਮਦਾਦ ਅਲੀ ਨੇ ਇਹ ਤਿੰਨੇ ਪੱਧੀਆਂ ਤਲਾਸ਼ੀ ਵਿਚ ਭਾਈ ਬੀਹਲਾ ਸਿੰਘ ਨਾਰਲੀ ਵਾਲੇ ਦੇ ਘਰੋਂ ਲਿਆਕੇ ਮਿਸਟਰ ਟਰਟਣ ਸਾਹਿਬ ਨੂੰ ਦਿਤੀਆਂ ਸਨ। ਅਤੇ ਉਸ ਨੇ ਇਨ੍ਹਾਂ ਦਾ ਤਰਜਮਾ ਕੀਤਾ ਸੀ।

... ... ...

ਗੁਰੂ ਰਾਮ ਸਿੰਘ ਇਕ ਐਸੇ ਫਿਰਕੇ ਦਾ ਅਸਲੀ ਅਤੇ ਨਾਮਾਵਲੀ ਆਗੂ ਹੈ, ਜੋ ਖਾਲਸਾ ਰਾਜ ਨੂੰ ਮੁੜ ਸੁਰਜੀਤ ਕਰਨ ਦੀ ਆਸ ਵਿਚ ਅੰਗਰੇਜ਼ੀ ਹਕੂਮਤ ਦਾ ਦੁਸ਼ਮਣ ਹੈ। ਇਹ ਇਕ ਐਸੇ ਫਿਰਕੇ ਦਾ ਵਾਹਦ ਆਗੂ ਅਤੇ ਹਾਕਮ ਹੈ ਜਿਸ ਫਿਰਕੇ ਦੇ ਆਦਮੀਆਂ ਨੇ ਪੰਜਾਬ ਦੇ ਇਸ ਹਿੱਸੇ ਵਿਚ ਜ਼ਿਬਾਹ ਵਾਲੇ ਸਾਰੇ ਬੁਚੜਾਂ ਨੂੰ ਕਤਲ ਕਰਨ ਦੀਆਂ ਸਾਜ਼ਸ਼ਾਂ ਗੁੰਦੀਆਂ ਹੋਈਆਂ ਸਨ। ਇਸ ਨੂੰ ਅੰਮ੍ਰਿਤਸਰ ਅਤੇ ਰਾਇਕੋਟ ਦੇ ਬੁਚੜਾਂ ਦੇ ਕਤਲ ਦਾ ਪਹਿਲਾਂ ਹੀ ਇਲਮ ਸੀ।

... ... ...

ਸਰਕਾਰੀ ਥਾਵਾਂ ਤੇ ਮਨਜ਼ੂਰ ਹੋਈਆਂ ਖਾਸ ਥਾਵਾਂ ਤੇ ਆਪਣਾ ਵਪਾਰ ਕਰਦੇ ਹੋਏ ਬੁਚੜਾਂ ਦਾ ਅਨੰਦਪੁਰਾਂ ਦੇ ਹਥੋਂ ਕਤਲ ਕੀਤੇ ਜਾਣਾ ਸਰਕਾਰ ਦੇ ਹੁਕਮਾਂ ਅਤੇ ਹਕੂਮਤ ਦੀ ਖੁਲਮ ਖੁਲਾ ਵਿਰੋਧਤਾ ਹੈ। ਇਸ ਤਰ੍ਹਾਂ ਹਕੂਮਤ ਦੀ ਮੁਖਾਲਫਤ ਹੁੰਦੀ ਹੋਵਣ ਦੀ ਸੂਰਤ ਵਿਚ ਜੇਕਰ ਦੋਸ਼ੀਆਂ ਨੂੰ ਸਖਤ ਸਜ਼ਾਵਾਂ ਨਾ ਦਿਤੀਆਂ ਜਾਣ ਤਦ ਇਸ ਪਰਕਾਰ ਦੀ ਵਿਰੋਧਤਾ ਸਾਡੀ ਸਰਕਾਰ ਲਈ ਕਦੀ ਨਾ ਕਦੀ ਬੜੀ ਖ਼ਤਰਨਾਕ ਸਾਬਤ ਹੋਵੇਗੀ।

ਇਸ ਗੱਲ ਨੂੰ ਸਾਰੇ ਮੰਨਦੇ ਹਨ ਕਿ ਹਕੂਮਤ ਦੀ ਵਿਰੋਧਤਾ ਹੋਵਣ ਯਾ ਕਰਵਾਉਣ ਵਿਚ ਫਿਰਕੇ ਦੇ ਆਗੂ ਦੀ ਪੂਰੀ ਪੂਰੀ ਸ਼ਮੂਲੀਅਤ ਹੈ। ਇਨ੍ਹਾਂ ਹਾਲਾਤਾਂ ਨੂੰ ਮੁਖ ਰਖਦੇ ਹੋਏ ਇਹ ਜ਼ਰੂਰੀ ਲਗਦਾ ਹੈ ਕਿ ਮੁਲਕ ਦੇ ਅੰਦਰੂਨੀ ਅਮਨ ਅਤੇ ਸ਼ਾਂਤੀ ਨੂੰ ਕਾਇਮ ਰਖਣ ਲਈ, ਗੁਰੂ ਰਾਮ ਸਿੰਘ ਨੂੰ ਦੇਸ਼ ਨਿਕਾਲਾ ਦੇ ਕੇ ਐਸੀ ਜਗ੍ਹਾ ਰਖਿਆ ਜਾਵੇ, ਜਿਥੇ ਉਸ ਦੇ ਸ਼ਰਧਾਲੂਆਂ ਵਿਚੋਂ ਕੋਈ ਵੀ ਉਸ ਨੂੰ ਨਾ ਮਿਲ ਸਕੇ। ਉਸ ਦੇ ਮੁਖੀਆਂ ਨੂੰ ਉਨ੍ਹਾਂ ਦੇ ਪਿੰਡਾਂ ਨਜ਼ਰਬੰਦ ਕਰ ਦਿਤਾ ਜਾਵੇ ਅਤੇ ਕੂਕਿਆਂ ਦੇ ਦੀਵਾਨ ਮੇਲੇ ਅਤੇ ਇਕਤਰਤਾਵਾਂ ਹੁਕਮਨ ਬੰਦ ਕਰ ਦਿਤੀਆਂ ਜਾਣ। ਜੇ ਉਨ੍ਹਾਂ ਵਿਰੁਧ ਐਸੇ ਸਖਤ ਹੀਲੇ ਨਾ ਵਰਤੇ ਗਏ, ਤਦ ਆਮ ਲੋਕਾਂ ਦੇ ਦਿਲਾਂ ਵਿਚ ਇਹ ਗੱਲ ਘੋਠ ਜਾਏਗੀ ਕਿ ਹਕੂਮਤ ਨਾਮਧਾਰੀਆਂ ਤੇ ਗੁਰੂ ਰਾਮ ਸਿੰਘ ਤੋਂ ਡਰ ਗਈ ਹੈ ਅਤੇ ਉਹ ਲੋਕਾਂ ਦੇ ਦਿਲਾਂ ਵਿਚ ਪਹਿਲਾਂ ਨਾਲੋਂ ਵੀ ਉਚੀ ਪਦਵੀ ਹਾਸਲ ਕਰ ਲਵੇਗਾ। ਜੇ ਉਸ ਦੀ ਤਾਕਤ ਵਧਦੀ ਗਈ ਅਤੇ ਉਸ ਦੇ ਸ਼ਰਧਾਲੂਆਂ ਦੀ ਗਿਣਤੀ ਵਿਚ ਵਾਧਾ ਹੁੰਦਾ ਗਿਆ, ਤਦ ਸਰਕਾਰ ਨੂੰ ਬੜੇ ਹੀ ਖਤਰਿਆਂ ਅਤੇ ਫਸਾਦਾਂ ਦਾ ਸਾਹਮਣਾ ਕਰਨਾ ਪਵੇਗਾ।"

... ... ...

..."ਬੁਚੜਾਂ ਦੇ ਕਤਲ ਗੁਰੂ ਰਾਮ ਸਿੰਘ ਦੀ ਆਗਿਆ ਨਾਲ ਹੋਏ ਹਨ ਅਤੇ ਜੇ ਉਸ ਉਤੇ ਕਤਲਾਂ ਲਈ ਸ਼ਹਿ ਅਤੇ ਚੁਕ ਦੇਣ ਦਾ ਮੁਕੱਦਮਾ ਅਦਾਲਤ ਵਿਚ ਸਾਬਤ ਨਾ ਵੀ ਹੋ ਸਕੇ ਤਦ ਵੀ ਉਸਨੂੰ ਬਰੀ ਨਹੀਂ ਕਰਨਾ ਚਾਹੀਦਾ ਸਗੋਂ ਇਹ ਫੈਸਲਾ ਦੇਣਾ ਚਾਹੀਦਾ ਹੈ ਕਿ ਉਸ ਦੇ ਖਿਲਾਫ ਮੁਕੱਦਮਾ ਸਾਬਤ ਨਹੀਂ ਹੋ ਸਕਿਆ ਪਰ ਉਹ ਦੋਸ਼ੀ ਜ਼ਰੂਰ ਹੈ। ਮੁਕੱਦਮਾ ਸਾਬਤ ਨਾ ਹੋਵਣ ਦੀ ਸੂਰਤ ਵਿਚ ਉਸ ਦੇ ਵਿਰੁਧ ਬੰਗਾਲ ਰੈਗੂਲੇਸ਼ਨ ਐਕਟ ਸੰਨ ੧੮੧੮ ਦੀ ਧਾਰਾ ਤਿੰਨ ਅਧੀਨ ਕਾਰਵਾਈ ਕਰਨੀ ਚਾਹੀਦੀ ਹੈ। ਮੇਰੀ ਇਹ ਪੱਕੀ ਰਾਇ ਹੈ ਕਿ ਗੁਰੂ ਰਾਮ ਸਿੰਘ ਨੂੰ ਉਮਰ ਕੈਦ ਦੀ ਸਜ਼ਾ ਦੇਕੇ ਅੰਡੇਮਾਨ ਟਾਪੂ ਭੇਜ ਦਿੱਤਾ ਜਾਵੇ। ਇਹੋ ਸਭ ਤੋਂ ਚੰਗੀ ਗੱਲ ਹੋਵੇਗੀ। ਪਰ ਇਹ ਕਾਰਵਾਈ ਜਨਵਰੀ ਦੇ ਮਹੀਨੇ ਦਿੱਲੀ ਵਿਚ ਹੋਣ ਵਾਲੇ ਵੱਡੇ ਫੌਜੀ ਜਲਸੇ ਵਿਚ ਜਾਣਾ ਹੈ ਸ਼ਾਮਲ ਹੋਣ ਲਈ ਜਾਣ ਤੋਂ ਪਹਿਲਾਂ ਪਹਿਲਾਂ ਹੀ ਹੋ ਜਾਣੀ ਚਾਹੀਦੀ ਹੈ। ਲੁਧਿਆਣੇ ਵਿਚ ਪੁਲਿਸ ਦੀ ਗਿਣਤੀ ਵਧਾਕੇ ਉਸ ਨੂੰ ਮਜ਼ਬੂਤ ਕਰ ਲੈਣਾ ਚਾਹੀਦਾ ਹੈ ਅਤੇ ਕੁਝ ਫੌਜ ਇਸ ਲਈ ਜਲੰਧਰ ਤਿਆਰ ਰਖਣੀ ਚਾਹੀਦੀ ਹੈ। ਮੇਰਾ ਖਿਆਲ ਹੈ ਕਿ ਗੁਰੂ ਰਾਮ ਸਿੰਘ ਲੜਾਈ ਨਹੀਂ ਕਰੇਗਾ ਸਗੋਂ ਮਾਮੂਲੀ ਸੰਮਨਾਂ ਤੇ ਹਾਜ਼ਰ ਹੋ ਜਾਵੇਗਾ।

ਦੂਸਰਾ ਤਰੀਕਾ ਇਹ ਹੈ ਕਿ ਗੁਰੂ ਰਾਮ ਸਿੰਘ ਨੂੰ ਪੱਕੇ ਤੌਰ ਤੇ ਇਹ ਗੱਲ ਸਮਝਾ ਦਿਤੀ ਜਾਵੇ ਕਿ ਉਹ ਆਪਣਾ ਪਰਚਾਰ ਬੰਦ ਕਰ ਦੇਵੇ ਅਤੇ ਸੂਬਿਆਂ ਨੂੰ ਵੀ ਪਰਚਾਰ ਕਰਨੋਂ ਮਨ੍ਹਾ ਕਰ ਦੇਵੇ। ਨਾਲ ਹੀ ਨਾਲ ਆਪਣੇ ਸ਼ਰਧਾਲੂਆਂ ਦੀਆਂ ਕਾਰਵਾਈਆਂ ਦੀ ਜ਼ਿੰਮੇਵਾਰੀ ਆਪਣੇ ਸਿਰ ਲਵੇ। ਪਰ ਇਨ੍ਹਾਂ ਗੱਲਾਂ ਦਾ ਉਸ ਤੇ ਕੋਈ ਅਸਰ ਨਹੀਂ ਹੋਵੇਗਾ ਅਤੇ ਨਾ ਹੀ ਉਹ ਆਪਣਾ ਪਰਚਾਰ ਬੰਦ ਕਰੇਗਾ।

ਇਨ੍ਹਾਂ ਸਾਰੀਆਂ ਗੱਲਾਂ ਤੋਂ ਉਪਰ ਮੇਰੇ ਖਿਆਲ ਵਿਚ ਗੁਰੂ ਰਾਮ ਸਿੰਘ ਦੀ ਸ਼ਹਿ ਅਤੇ ਸ਼ਮੂਲੀਅਤ ਨਾਲ



Sri Satguru Jagjit Singh Ji eLibrary NamdhariElibrary@gmail.com

ਇਹ ਕਤਲ ਜਾਂ ਵੱਡੇ ਜੁਰਮ ਕੀਤੇ ਗਏ ਹਨ। ਇਸ ਨੂੰ ਮੁਖ ਰਖਦਿਆਂ ਹੋਇਆਂ ਮੈਂ ਇਹ ਕਹਿਣ ਦੀ ਦਲੇਰੀ ਕਰਦਾ ਹਾਂ ਕਿ ਸਰਕਾਰ ਦਾ ਰੁਹਬ ਵਕਾਰ ਹੁਣ ਇਸ ਗੱਲ ਨਾਲ ਹੀ ਕਾਇਮ ਰਹਿ ਸਕਦਾ ਹੈ ਜੇਕਰ ਗੁਰੂ ਰਾਮ ਸਿੰਘ ਜੀ ਨੂੰ ਹਰ ਹਾਲਤ ਵਿਚ ਹੀ ਸਜ਼ਾ ਦਿਤੀ ਜਾਵੇ।"

... ... ...

"...ਇਹ ਰਿਪੋਰਟ ਲਾਹੌਰ ਦੇ ਕਿਸੇ ਵੀ ਛਾਪੇਖਾਨੇ ਤੋਂ ਨਾ ਛਪਵਾਈ ਜਾਵੇ। ਲਾਹੌਰ ਦੇ ਛਾਪੇਖਾਨੇ ਵਾਲਿਆਂ ਵਿਚ ਦੀਵਾਨ ਬੂਟਾ ਸਿੰਘ ਦਾ ਬਹੁਤ ਅਸਰ ਰਸੂਖ ਹੈ। ਡਰ ਹੈ ਕਿ ਛਪਣ ਤੋਂ ਪਹਿਲਾਂ ਹੀ ਰਿਪੋਰਟ ਦੀ ਨਕਲ ਬੂਟਾ ਸਿੰਘ ਰਾਹੀਂ ਗੁਰੂ ਰਾਮ ਸਿੰਘ ਕੋਲ ਪਹੁੰਚ ਜਾਵੇਗੀ।

... ... ...

---

## ਰਿਪੋਰਟ : ਮਿਸਟਰ ਮੈਕ. ਐਂਡਰਿਓ
## ਡੀ.ਆਈ.ਜੀ. ਪੁਲੀਸ ਅੰਬਾਲਾ

ਮਿਤੀ ੨੦ ਨਵੰਬਰ ੧੮੭੧

"ਗਊ ਹਤਿਆ ਬੰਦ ਕਰਨ ਲਈ ਬੁੱਚੜਾਂ ਨੂੰ ਮਾਰਨ ਦੀਆਂ ਵਿਉਂਤਾਂ ਕੂਕਿਆਂ ਨੇ ਖੋਟਿਆਂ ਦੇ ਪਿਛਲੇ ਮੇਲੇ ਤੋਂ ਸ਼ੁਰੂ ਕੀਤੀਆਂ। ਇਹ ਮੇਲਾ ਦਮਦਮੇ ਸਾਹਿਬ ਦੀ ਵਿਸਾਖੀ ਦੇ ਜੋੜ ਮੇਲੇ ਪਿਛੋਂ ਪ੍ਰਚਾਰ ਦੇ ਦੌਰ ਵਿਚ ਲਗਿਆ ਸੀ। ਗੁਰੂ ਰਾਮ ਸਿੰਘ ਵੀ ਇਸ ਵਿਚ ਹਾਜ਼ਰ ਸੀ।

ਇਸ ਮੇਲੇ ਤੇ ਖਾਸ ਜਵਾਹਰ ਸਿੰਘ ਅਤੇ ਸਰਦਾਰ ਹੀਰਾ, ਸਕਰੌਦੀ ਵਾਲੇ ਦਾ ਆਪਸ ਵਿਚ ਹੀਰਾ ਸਿੰਘ ਦੇ ਆਪਣੀ ਇਸਤਰੀ ਦਾ ਪਟਿਆ ਹੋਇਆ ਚੂੜਾ ਡਾਂਗ ਦੇ ਲਟਕਦੀ ਫਿਰਨ ਸਬੰਧੀ ਝਗੜਾ ਹੋ ਪਿਆ। ਗੁਰੂ ਰਾਮ ਸਿੰਘ ਨੇ ਆਪਸ ਦੀ ਲੜਾਈ ਦੀ ਖਬਰ ਸੁਣ ਕੇ ਦੁਖੀ ਹੋ ਕੇ ਐਸੇ ਸ਼ਬਦ ਕਹੇ ਜਿਨ੍ਹਾਂ ਨੂੰ ਨਾਮਧਾਰੀਆਂ ਨੇ ਬੁੱਚੜ ਵੱਢਣ ਦਾ ਇਸ਼ਾਰਾ ਸਮਝ ਲਿਆ।

(੨) ਹਾਈਕੋਰਟ ਅਤੇ ਅੰਮ੍ਰਿਤਸਰ ਦਿਆਂ ਮੁਕਦਮਿਆਂ ਦੀਆਂ ਮਿਸਲਾਂ ਵਿਚ ਹੋਏ ਬਿਆਨਾਂ ਤੋਂ ਇਹ ਪ੍ਰਤੀਤ ਹੁੰਦਾ ਹੈ ਕਿ ਇਹ ਕਤਲ ਗੁਰੂ ਰਾਮ ਸਿੰਘ ਦੇ ਹੁਕਮ ਅਨੁਸਾਰ ਹੀ ਹੋਏ ਹਨ। ਮੈਂ ਇਹ ਨਹੀਂ ਕਹਿ ਸਕਦਾ ਕਿ ਅੰਮ੍ਰਿਤਸਰ ਅਤੇ ਹਾਈਕੋਰਟ ਦੇ ਸਰਕਾਰੀ ਗਵਾਹਾਂ ਦੇ ਅਧਾਰ ਤੇ ਗੁਰੂ ਰਾਮ ਸਿੰਘ ਜੀ ਵਿਰੁਧ ਅਦਾਲਤ ਵਿਚ ਚਲਾਇਆ ਗਿਆ ਮੁਕੱਦਮਾ ਕਾਮਯਾਬ ਹੋ ਸਕੇਗਾ ਜਾਂ ਨਹੀਂ। ਮੇਰੀ ਇਹ ਰਾਏ ਹੈ ਕਿ ਐਸਾ ਮੁਕੱਦਮਾ ਚਲਾਉਣ ਜਿਸ ਵਿਚ ਘੱਟੋ ਘੱਟ ਉਮਰ ਕੈਦ ਜਾਂ ਦੇਸ਼ ਨਿਕਾਲੇ ਦੀ ਸਜ਼ਾ ਨਾ ਹੋ ਸਕੇ, ਬੜੀ ਭਾਰੀ ਗਲਤੀ ਹੋਵੇਗੀ। ਇਸ ਲਈ ਸਰਕਾਰ ਨੂੰ ਕਿਸੇ ਮੁਕੱਦਮੇ ਦੇ ਚਲਾਉਣ ਦਾ ਲੰਬਾ ਚੌੜਾ ਸਵਾਂਗ ਨਹੀਂ ਰਚਣਾ ਚਾਹੀਦਾ। ਸਗੋਂ ਇਸ ਤੋਂ ਬਗੈਰ ਹੀ ਹਕੂਮਤ ਦੀ ਸਿਆਸੀ ਲੋੜ ਅਤੇ ਅਮਨ ਕਾਇਮ ਰੱਖਣ ਦੇ ਨਾਮ ਤੇ ਗੁਰੂ ਰਾਮ ਸਿੰਘ ਨੂੰ ਦੇਸ਼ ਨਿਕਾਲਾ ਦੇ ਦੇਣਾ ਚਾਹੀਦਾ ਹੈ।

ਗੁਰੂ ਰਾਮ ਸਿੰਘ ਜੀ ਅਤੇ ਉਸ ਦੇ ਸ਼ਰਧਾਲੂਆਂ ਨੇ ਬਿਨਾ ਸ਼ੁਬਾ ਹੀ ਹਕੂਮਤ ਦੇ ਕਾਨੂੰਨਾਂ ਅਤੇ ਹੁਕਮਾਂ ਦੀ ਮਿੱਟੀ ਪਲੀਤ ਕਰ ਛੱਡੀ ਹੈ। ਸਰਕਾਰ ਨੂੰ ਇਸ ਦੀ ਓਟ ਵਿਚ, ਕੂਕਿਆਂ ਸਬੰਧੀ ਸਰਕਾਰੀ ਪਰੇਸ਼ਾਨੀ ਅਤੇ ਤਕਲੀਫ ਨੂੰ ਜਿਹੜੀ ਲਗਾਤਾਰ ੧੦ ਸਾਲਾਂ ਤੋਂ ਚਲੀ ਆ ਰਹੀ ਹੈ, ਖਤਮ ਕਰਨਾ ਚਾਹੀਦਾ ਹੈ।

(੩) ਕਰਨਲ ਬੇਲੀ ਕੂਕਿਆਂ ਦੀ ਸੰਖਿਆ ਨੂੰ ਕੁਝ ਵਧੇਰੇ ਹੀ ਅਹਿਮੀਅਤ ਦੇਂਦਾ ਹੈ। ਇਸ ਦਾ ਇਹ ਅੰਦਾਜ਼ਾ ਕਿ ਕੋਈ ਡੇਢ ਲੱਖ ਆਦਮੀ ਇਸ ਪੰਥ ਵਿਚ ਸ਼ਾਮਲ ਹੋ ਗਏ ਹਨ, ਮੈਨੂੰ ਠੀਕ ਪ੍ਰਤੀਤ ਨਹੀਂ ਹੁੰਦਾ। ਜੇ ਗਿਣਤੀ ਕੀਤੀ ਜਾਵੇ ਤਾਂ ਮੇਰਾ ਅੰਦਾਜ਼ਾ ਹੈ ਕਿ ਗਿਣਤੀ ਪੰਜਾਹ ਕੁ ਹਜ਼ਾਰ ਹੋਵੇਗੀ।

(੪) ਅਜੇ ਤੱਕ ਕੂਕਿਆਂ ਦੀ ਬਹੁਤੀ ਗਿਣਤੀ, ਲੁਧਿਆਣਾ, ਫੀਰੋਜ਼ਪੁਰ, ਜਲੰਧਰ, ਹੁਸ਼ਿਆਰਪੁਰ ਅਤੇ ਸਿਆਲਕੋਟ ਦੇ ਜ਼ਿਲਿਆਂ ਵਿਚ ਹੀ ਹੈ ਪਰ ਨਾਲ ਦੀ ਨਾਲ ਨਾਲ ਇਸ ਗੱਲ ਵਿਚ ਵੀ ਕੋਈ ਸ਼ੱਕ ਨਹੀਂ ਕਿ ਗੁਰੂ ਰਾਮ ਸਿੰਘ ਚੰਗੀ ਸਿਆਣਪ ਵਾਲਾ ਅਤੇ ਉੱਚਾ ਆਦਮੀ ਹੈ। ਸੂਬਿਆਂ ਰਾਹੀਂ ਲੋਕਾਂ ਨੂੰ ਨਾਮਧਾਰੀ ਬਣਾਉਣ ਵਿਚ ਉਸ ਨੂੰ ਕਾਫੀ ਸਫਲਤਾ ਮਿਲੀ ਹੈ। ਇਨ੍ਹਾਂ ਕਾਰਨਾਂ ਕਰਕੇ ਉਹ ਆਪਣਾ ਅਸਰ ਰਸੂਖ ਵਰਤਣ ਲਈ ਇਕ ਐਸੀ ਥਾਂ ਤੇ ਪਹੁੰਚ ਚੁੱਕਾ ਹੈ ਜੋ ਸਾਡੀ ਹਕੂਮਤ ਲਈ ਖਤਰਨਾਕ ਹੋਵੇਗਾ। ਉਸ ਤੋਂ ਉਸਦੀ ਤਰੱਕੀ ਦਾ ਅੰਦਾਜ਼ਾ ਲਗਾਇਆ ਜਾ ਸਕਦਾ ਹੈ। ਜਦ ਉਹ ਹਜ਼ਰੋ ਦੇ ਗੁਰੂ ਬਾਲਕ ਸਿੰਘ ਦੀ ਗੱਦੀ ਦਾ ਜਾਨਸ਼ੀਨ ਬਣਿਆ ਤਦ ਉਹ ਮਹੰਤ ਰਾਮ ਸਿੰਘ ਸੀ। ਉਪਰੰਤ ਉਸ ਨੂੰ ਲੋਕੀਂ ਗੁਰੂ ਰਾਮ ਸਿੰਘ ਦੇ ਨਾਮ ਨਾਲ ਯਾਦ ਕਰਦੇ ਸਨ। ਇਸ ਤੋਂ ਪਿਛੋਂ ਸਤਿਗੁਰੂ ਕਹਿਣ ਲਗ ਪਏ ਅਤੇ ਅਜ ਕਲ ਸਤਿਗੁਰੂ ਪਾਤਸ਼ਾਹ ਦੇ ਨਾਮ ਨਾਲ ਪੁਕਾਰਕੇ ਉਸਦਾ ਸਨਮਾਨ ਕਰਦੇ ਹਨ।

(੫) ਜਿਉਂ ਜਿਉਂ ਉਸ ਦੇ ਸ਼ਰਧਾਲੂਆਂ ਦੀ ਗਿਣਤੀ


Sri Satguru Jagjit Singh Ji eLibrary NamdhariElibrary@gmail.com

ਵਧਦੀ ਗਈ ਹੈ, ਉਸ ਦੇ ਧਨ ਅਤੇ ਜਾਇਦਾਦ ਵਿਚ ਵੀ ਵਾਧਾ ਹੁੰਦਾ ਗਿਆ ਹੈ। ਹੁਣ ਉਸ ਕੋਲ ਆਪਣੇ ਦਾਹਰਬਾਰ ਹਜ਼ੂਰੀ ਸੇਵਾਦਾਰ ਹਨ। ਉਹ ਦਰਬਾਰ ਲਗਾਂਦਾ ਹੈ ਅਤੇ ਸਾਰੇ ਮੁਲਕ ਵਿਚੋਂ ਹਰਕਾਰੇ ਅਨੁਗਾਮੀ ਅਤੇ ਪਰਿਵੀਸਰ ਲੋਕ ਸੰਦੇਸ਼ ਲੈ ਕੇ ਉਸ ਪਾਸ ਆ ਕੇ ਹਾਜ਼ਰ ਹੁੰਦੇ ਹਨ। ਪਿਛਲੇ ਦਿਨਾਂ ਵਿਚ ਬਹੁਤ ਸਾਰੇ ਸਿੱਖ ਜਾਗੀਰਦਾਰ ਅਤੇ ਸਰਦਾਰ ਉਸ ਨਾਲ ਮਿਲ ਗਏ ਹਨ ਅਤੇ ਨਾਮਧਾਰੀ ਬਣ ਗਏ ਹਨ। ਰਿਆਸਤ ਕਸ਼ਮੀਰ ਵਿਚ ਇਕ ਕੂਕਾ ਪਲਟਣ ਖੜੀ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਨੈਪਾਲ ਰਾਜ ਦੀ ਸਰਕਾਰ ਪਾਸ ਵੀ ਕੂਕੇ ਦੂਤ ਤੋਹਫੇ ਦੇ ਕੇ ਭੇਜੇ ਗਏ। ਇਹ ਸਾਰੀਆਂ ਕਾਰਵਾਈਆਂ ਇਕ ਉਚੀਆਂ ਉਮੰਗਾਂ ਰਖਣ ਵਾਲੇ ਪੁਰਖ ਦੀਆਂ ਮਨੌਕਾਵਾਂ ਨੂੰ ਜ਼ਾਹਰ ਕਰਦੀਆਂ ਹਨ। ਪੂਰਬੀ ਮਹਾਂਦੀਪ ਦੇ ਦੇਸ਼ਾਂ ਵਿਚ ਪਹਿਲਾਂ ਦੀਆਂ ਛੋਟੀਆਂ ਛੋਟੀਆਂ ਕਾਰਵਾਈਆਂ ਤੋਂ ਹੀ ਵੱਡੇ ਵੱਡੇ ਇਤਿਹਾਸ ਦੇ ਫੈਸਲਾਕੁਨ ਨਤੀਜੇ ਨਿਕਲਦੇ ਰਹੇ ਹਨ।

(੬) ਮੇਰੇ ਮਨ ਦੇ ਉਪਰ ਭਾਵ ਹੋਰ ਵੀ ਮਜ਼ਬੂਤ ਹੋ ਜਾਂਦੇ ਹਨ ਜਦ ਮੈਂ ਆਪਣੇ ਜ਼ਿੰਮੇਂਵਾਰੀ ਹੇਠਾਂ ਸਿੱਖਾਂ, ਹਿੰਦੂਆਂ ਅਤੇ ਮੁਸਲਮਾਨਾਂ ਦੀਆਂ ਦਿਤੀਆਂ ਖਬਰਾਂ, ਸੂਚਨਾਵਾਂ ਅਤੇ ਰਾਵਾਂ ਤੇ ਡੂੰਘੇ ਵਿਚਾਰ ਕਰਦਾ ਹਾਂ। ਉਹ ਦੱਸਦੇ ਹਨ ਕਿ ਕੂਕਾ ਲਹਿਰ ਵਿਚ ਕੋਈ ਢਿੱਲਿਆਈ ਨਹੀਂ। ਜ਼ਿਆਦਾ ਰੁਝਾਨ ਅਤੇ ਨਿਸ਼ਾਨਾ ਫਸਾਦ ਕਰਨਾ ਤੇ ਬੁਰਾਈ ਹੈ। ਜ਼ਿੰਮੇਂਵਾਰੀ ਮਿੱਤਰ ਇਹ ਵੀ ਦੱਸਦੇ ਹਨ ਕਿ ਅਜੇ ਤਕ ਇਹ ਲਹਿਰ ਆਪਣੇ ਬਚਪਨੇ ਦਿਨਾਂ ਵਿਚ ਹੈ ਅਤੇ ਆਮ ਜਨਤਾ ਖਾਸ ਕਰਕੇ ਲਕੀਰ ਦੇ ਫਕੀਰ ਕੱਟੜ ਸਿੱਖਾਂ ਨੇ ਇਸ ਨੂੰ ਨਹੀਂ ਅਪਣਾਇਆ। ਹਿੰਦੂ ਅਤੇ ਮੁਸਲਮਾਨ ਵੀ ਇਸ ਦੇ ਵਿਰੋਧੀ ਹਨ। ਇਸ ਸਮੇਂ ਸਰਕਾਰ ਵਲੋਂ ਥੋੜੀ ਜਿਹੀ ਤਾਕਤ ਦੀ ਵਰਤੋਂ ਨਾਲ ਇਕ ਦਮ ਇਹ ਲਹਿਰ ਬੰਦ ਕੀਤੀ ਜਾ ਸਕਦੀ ਹੈ। ਫਸਾਦ ਅਤੇ ਬੁਰਾਈ ਦੀਆਂ ਬੁਨਿਆਦਾਂ ਤੇ ਖੜੀ ਕੀਤੀ ਗਈ ਇਹ ਲਹਿਰ ਆਉਣ ਵਾਲੇ ਸਮੇਂ ਵਿਚ ਬੜੇ ਬੜੇ ਖਤਰਿਆਂ ਅਤੇ ਤੋੜਫੋੜ ਦੇ ਵਾਕਿਆ ਦੀ ਜਨਮਦਾਤੀ ਬਣ ਜਾਵੇਗੀ।"

---

## ੧੮੬੩ ਦੀ ਇਕ ਸਰਕਾਰੀ ਰਿਪੋਰਟ

"ਉਹ ਸਿੱਖਾਂ ਵਿਚ ਜਾਤ ਪਾਤ ਦੇ ਭਿੰਨ ਭੇਦ ਮਿਟਾ ਰਿਹਾ ਹੈ। ਸਭ ਸ਼ਰੇਣੀਆਂ ਵਿਚ ਪ੍ਰਚਾਰ ਖੁਲ੍ਹੀਆਂ ਵਿਆਹ ਸ਼ਾਦੀਆਂ ਦੇ ਹੱਕ ਵਿਚ ਹੈ। ਵਿਧਵਾ ਵਿਆਹ ਕਰਨ ਲਈ ਆਗਿਆ ਕਰਦਾ ਹੈ, ਸ਼ਰਾਬ ਦੇ ਨਸ਼ਿਆਂ ਤੋਂ ਰੋਕਦਾ ਹੈ। ਮਰਦਾਂ ਤੇ ਇਸਤਰੀਆਂ ਦੇ ਖੁਲ੍ਹੇ ਮੇਲ ਜੋਲ ਦਾ ਹਾਮੀ ਹੈ (ਸਾਂਝੇ ਦੀਵਾਨਾਂ ਵਿਚ ਬੈਠਣ ਅਤੇ ਘੁੰਡ ਮਨਾਹੀ ਤੋਂ ਇਹ ਭਾਵ ਲਿਆ ਹੈ) ਉਸ ਦੇ ਦੀਵਾਨਾਂ ਵਿਚ ਇਸਤਰੀਆਂ ਮਰਦ ਖੁਲ੍ਹੇ ਵਿਚਰਦੇ ਹਨ। ਹਜ਼ਾਰਾਂ ਇਸਤਰੀਆਂ ਅਤੇ ਨੌਜਵਾਨ ਲੜਕੀਆਂ ਉਸ ਦੀ ਸੰਪ੍ਰਦਾਇ ਵਿਚ ਸ਼ਾਮਲ ਹੋਈਆਂ ਹਨ। ਉਹ ਆਪਣੇ ਸੇਵਕਾਂ ਨੂੰ ਪਵਿੱਤਰ ਤੇ ਸਤਿਆਵਾਦੀ ਹੋਣ ਦਾ ਉਪਦੇਸ਼ ਦਿੰਦਾ ਹੈ। ਉਸ ਦੀ ਇਕ ਹਦਾਇਤ ਇਹ ਹੈ— ਇਹ ਚੰਗਾ ਹੈ ਕਿ ਹਰ ਇਕ ਆਦਮੀ ਲਾਠੀ ਸੋਟਾ ਰਖੇ ਅਤੇ ਉਹ ਸਭ ਰਖਦੇ ਹਨ, ਕੇਵਲ ਗ੍ਰੰਥ ਸਾਹਿਬ ਹੀ ਉਨ੍ਹਾਂ ਦਾ ਧਾਰਮਿਕ ਗ੍ਰੰਥ ਹੈ। ਨਾਮਧਾਰੀਏ ਸਿੱਖਾਂ ਦੀ ਪਛਾਣ ਸਿਰ ਤੇ ਸਿੱਧੀ ਪੱਗ, ਗਲ ਵਿਚ (ਨਾਮ ਜਪਣ ਲਈ ਪਾਈ ਹੋਈ) ਉੱਨ ਦੀ ਮਾਲਾ ਅਤੇ ਆਪਸ ਵਿਚ ਮਿਲਣ ਅਤੇ ਵਿਛੜਣ ਸਮੇਂ ਉੱਚੀ ਉੱਚੀ ਬਾਰ ਬਾਰ ਸਤਿ ਸ੍ਰੀ ਅਕਾਲ ਗਜੌਣ ਦੇ ਬੋਲਿਆਂ ਤੋਂ ਹੁੰਦੀ ਹੈ।"

---

## ਬਾਘੇ ਪੁਰਾਣੇ ਦੇ ਥਾਣੇ ਵਿਚ ਗੁਰੂ ਰਾਮ ਸਿੰਘ ਜੀ ਵਿਰੁਧ ਲਿਖਾਈ ਰਿਪੋਰਟ

ਦੋ ਤਿੰਨ ਦਿਨ ਤੋਂ ਰਾਮ ਸਿੰਘ ਅਤੇ ਉਸਦੇ ੫੦੦ ਪੈਰੋਕਾਰ ਘੱਟੇ ਪਿੰਡ ਇਕੱਠੇ ਹੋਏ ਹਨ ਅਤੇ ਉਨ੍ਹਾਂ ਦੇ ਚਾਲੇ ਖਤਰੇ ਜਿਹੇ ਹੀ ਜਾਪਦੇ ਹਨ। ਉਹ ਸਰਕਾਰ ਵਿਰੁਧ ਗੱਲਾਂ ਕਰਦੇ ਹਨ, ਉਹ ਕਹਿੰਦੇ ਹਨ ਕਿ ਛੇਤੀ ਹੀ ਸਾਰਾ ਮੁਲਕ ਉਨ੍ਹਾਂ ਦਾ ਹੋ ਜਾਵੇਗਾ। ਉਨ੍ਹਾਂ ਪਿਛੇ ਸਵਾ ਲਖ ਆਦਮੀ ਹੋਵੇਗਾ। ਮਾਲੀਏ ਵਜੋਂ ਉਹ ਕਿਸਾਨਾਂ ਤੋਂ ਸਿਰਫ ਪੈਦਾਵਾਰ ਦਾ ਪੰਜਵਾਂ ਹਿਸਾ ਹੀ ਲਿਆ ਕਰਨਗੇ।

---

## ਤਰਥੱਲੀ ਮਚਾ ਦਿਤੀ

ਗੁਰੂ ਰਾਮ ਸਿੰਘ ਦੇ ਪ੍ਰਚਾਰ ਨੇ ਪੰਜਾਬ ਵਿਚ ਬੜੀ ਵਡੀ ਤਰਥੱਲੀ ਮਚਾ ਦਿਤੀ ਹੈ।

ਮੇਜਰ ਮੈਕ ਐਂਡਰੀਊ
ਡੀ. ਆਈ. ਜੀ. ਰੇਂਜ ੧
ਰਿਪੋਰਟ ੯ ਜੂਨ ੧੮੬੩



Sri Satguru Jagjit Singh Ji eLibrary NamdhariElibrary@gmail.com

੧ਓ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ



## ਟੈਂਟ ਹਾਊਸ ਵਾਲਿਆਂ ਵਾਸਤੇ ਖੁਸ਼ਖਬਰੀ

ਵਧੀਆ, ਦਿਲਕਸ਼ ਢੰਨ ਸੁਵੰਨੇ ਸੁੰਦਰ ਡੀਜ਼ਾਈਨਾਂ ਤੇ ਗਰੰਟੀ ਸ਼ੁਦਾ ਪੱਕੇ ਰੰਗਾਂ ਵਿਚ ਬਣੇ ਟੁਕੜੀਦਾਰ ਪਰਿੰਟ ਸ਼ਾਮਿਆਨੇ, ਕਨਾਤਾਂ, ਲਕੜੀ ਤੇ ਸਟੀਲ ਦੇ ਫਰਨੀਚਰ ਲਈ ਪਧਾਰੋ ਜਾਂ ਲਿਖੋ।

## ਨਾਮਧਾਰੀ ਏਜੰਸੀਜ਼

੨/੨੦੬੯, ਚਾਹ ਅੰਦਾਰਾ, ਜੁਬਲੀ ਸਿਨਮਾ ਦੇ ਪਿਛੇ,
ਚਾਂਦਨੀ ਚੌਂਕ, ਦਿਲੀ-੧੧੦੦੦੬

Manufacturers & Suppliers of :

**TUKRIDAR PRINTED SHAMIANAS & KANATS**
**FOR ALL KINDS, IN ATTRACTIVE AND GUARANTEED FAST COLOURS**
**WOODEN & STEEL FURNITURE**
**& PADESTALFAN ETC.**

Phones : Office : 258411
" : 250345
Resi. : 213054

**PLEASE CONTACT**

# Namdhari Agencies

2/2068 CHAH ANDARA, (Behind Jubilee Cinema)
CHANDNI CHOWK, DELHI-110006.




Sri Satguru Jagjit Singh Ji eLibrary NamdhariElibrary@gmail.com

Registered No. NW/JL—253 MONTHLY WARIAM February 198
Registered with the registrar of News Papers for India No. 26453/75

# Poonam Biscuits Private Ltd.

**Manufacturers**

**of**

**Quality Biscuits**

Office & Factory :

**E-23 M. I. D. C. Area**
**Chikalthana, Aurangabad-431210**
( Maharashtra )
Phone : 8526

Our Associates :

## Harbhajan Sarbjeet & Associates

ENGINEERS & CONTRACTORS

**H.O. : 72 Hazratganj Lucknow-226001**
**Phone : 52746**

ਐਡੀਟਰ, ਪ੍ਰਿੰਟਰ, ਪ੍ਰਕਾਸ਼ਕ ਤੇ ਮਾਲਕ ਜਗਦੀਸ਼ ਸਿੰਘ ਨੇ ਨਾਮਧਾਰੀ ਪ੍ਰਿੰਟਰਜ਼; ਲਾਡੋਵਾਲੀ ਰੋਡ, ਜਲੰਧਰ ਤੋਂ ਛਪਵਾ ਕੇ ਦਫਤਰ ਵਰਿਆਮ ਲਾਡੋਵਾਲੀ ਰੋਡ ਜਲੰਧਰ ਤੋਂ ਪ੍ਰਕਾਸ਼ਤ ਕੀਤਾ ।
Monthly WARIAM, Ladowali Road, Jalandhar-144001.

Sri Satguru Jagjit Singh Ji eLibrary NamdhariElibrary@gmail.com